


ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition




Reg No: AAG1353 | Ludhiana, Tuesday 21 April, 2026 | website: www.cee7news.com

## ਆਸਟ੍ਰੇਲੀਆ ਵਿੱਚ ਕਰੋੜਾਂ ਦੀ ਚੋਰੀ ਦੇ ਇਲਜ਼ਾਮ ਹੇਠ ਪੰਜਾਬੀ ਨੌਜਵਾਨ ਗ੍ਰਿਫ਼ਤਾਰ




ਆਸਟ੍ਰੇਲੀਆ ਵਿਚ ਇੱਕ ਪੰਜਾਬੀ ਨੌਜਵਾਨ ਨੂੰ ਕਰੋੜਾਂ ਰੁਪਏ ਚੋਰੀ ਕਰਨ ਦੇ ਇਲਜ਼ਾਮ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਘਟਨਾ ਆਸਟ੍ਰੇਲੀਆ ਦੇ ਵੱਡੇ ਸ਼ਹਿਰ ਵਿਚ ਵਾਪਰੀ ਹੈ, ਜਿਸ ਨੇ ਪੰਜਾਬੀ ਭਾਈਚਾਰੇ ਵਿਚ ਚਰਚਾ ਪੈਦਾ ਕਰ ਦਿੱਤੀ ਹੈ। ਰੋਜ਼ਾਨਾ ਸਪੋਕਸਮੈਨ ਵਿਚ ਛਪੀ ਖ਼ਬਰ ਮੁਤਾਬਕ ਇਸ ਨੌਜਵਾਨ ਨੇ ਆਨਲਾਈਨ ਧੋਖਾਧੜੀ ਰਾਹੀਂ ਵੱਡੀ ਰਕਮ ਹਥਿਆਈ ਹੈ।

ਪੁਲਿਸ ਨੇ ਇਸ ਨੌਜਵਾਨ ਦੀ ਉਮਰ ਲਗਭਗ 25-30 ਸਾਲ ਦੱਸੀ ਹੈ। ਉਹ ਪੰਜਾਬ ਦੇ ਕਿਸੇ ਜ਼ਿਲ੍ਹੇ ਤੋਂ ਆਸਟ੍ਰੇਲੀਆ ਗਿਆ ਸੀ ਅਤੇ ਉੱਥੇ ਰਹਿ ਕੇ ਕੰਮ ਕਰ ਰਿਹਾ ਸੀ। ਖ਼ਬਰ ਅਨੁਸਾਰ ਉਸ ਨੇ ਬੈਂਕ ਖਾਤਿਆਂ ਵਿਚ ਧੋਖਾਧੜੀ ਕਰਕੇ ਕਰੀਬ ੨-੩ ਕਰੋੜ ਰੁਪਏ ਤੋਂ ਵੀ ਵੱਧ ਰਕਮ ਚੋਰੀ ਕੀਤੀ। ਇਸ ਲਈ ਉਸ ਨੇ ਫੇਕ ਆਈਡੀਆਂ ਅਤੇ ਫੇਕ ਵੈੱਬਸਾਈਟਾਂ ਦਾ ਸਹਾਰਾ ਲਿਆ। ਲੋਕਾਂ ਨੂੰ ਲਾਲਚ ਦੇ ਕੇ ਉਨ੍ਹਾਂ ਦੀ ਜਾਣਕਾਰੀ ਹਥਿਆਈ ਅਤੇ ਉਸ ਰਾਹੀਂ ਪੈਸੇ ਟ੍ਰਾਂਸਫਰ ਕਰਵਾਏ।

ਆਸਟ੍ਰੇਲੀਆ ਪੁਲਿਸ ਨੇ ਲੰਬੀ ਜਾਂਚ ਤੋਂ ਬਾਅਦ ਇਸ ਨੌਜਵਾਨ ਨੂੰ ਫੜ੍ਹਿਆ। ਉਸ ਦੇ ਘਰ ਤੋਂ ਕਈ ਡਿਜੀਟਲ ਉਪਕਰਣ ਬਰਾਮਦ ਕੀਤੇ ਗਏ ਹਨ, ਜਿਨ੍ਹਾਂ ਵਿਚ ਲੈਪਟਾਪ, ਮੋਬਾਈਲ ਫੋਨ ਅਤੇ ਹੋਰ ਸਾਧਨ ਸ਼ਾਮਲ ਹਨ। ਇਨ੍ਹਾਂ ਵਿਚ ਚੋਰੀ ਦੀਆਂ ਤਫ਼ਸੀਲਾਂ ਮੌਜੂਦ ਸਨ। ਪੁਲਿਸ ਨੇ ਉਸ ਉੱਤੇ ਸਾਈਬਰ ਕ੍ਰਾਈਮ ਅਤੇ ਧੋਖਾਧੜੀ ਦੇ ਮਾਮਲੇ ਦਰਜ ਕਰ ਲਏ ਹਨ। ਇਸ ਘਟਨਾ ਨਾਲ ਆਸਟ੍ਰੇਲੀਆ ਵਿਚ ਰਹਿਣ ਵਾਲੇ ਹੋਰ ਪੰਜਾਬੀ ਨੌਜਵਾਨਾਂ ਲਈ ਵੀ ਚਿਤਾਵਨੀ ਵਜੋਂ ਕੰਮ ਕਰ ਰਹੀ ਹੈ।

ਪੰਜਾਬੀ ਯੂਥ ਆਸਟ੍ਰੇਲੀਆ ਵਿਚ ਭਵਿੱਖ ਬਣਾਉਣ ਲਈ ਜਾਂਦਾ ਹੈ, ਪਰ ਕੁਝ ਲੋਕ ਗਲਤ ਰਾਹ ਚੁਣ ਲੈਂਦੇ ਹਨ। ਇਸ ਨੌਜਵਾਨ ਨੇ ਵੀ ਅਜਿਹਾ ਹੀ ਕੀਤਾ। ਉਸ ਦੇ ਪਰਿਵਾਰ ਵਾਲੇ ਹੁਣ ਬਹੁਤ ਪਰੇਸ਼ਾਨ ਹਨ। ਉਨ੍ਹਾਂ ਨੇ ਕਿਹਾ ਕਿ ਉਹ ਇਸ ਗੱਲ ਤੋਂ ਅਣਜਾਣ ਸਨ। ਆਸਟ੍ਰੇਲੀਆ ਵਿਚ ਪੰਜਾਬੀਆਂ ਦੀ ਗਿਣਤੀ ਵਧ ਰਹੀ ਹੈ ਅਤੇ ਉੱਥੇ ਉਨ੍ਹਾਂ ਦੀ ਇੱਕ ਵੱਡੀ ਭਾਈਚਾਰਕ ਉਪਸਥਿਤੀ ਹੈ। ਇਸ ਤਰ੍ਹਾਂ ਦੀਆਂ ਘਟਨਾਵਾਂ ਭਾਈਚਾਰੇ ਦੀ ਇੱਕਜੁੱਟਤਾ ਉੱਤੇ ਵੀ ਅਸਰ ਪਾ ਸਕਦੀਆਂ ਹਨ।ਪੁਲਿਸ ਜਾਂਚ ਚੱਲ ਰਹੀ ਹੈ ਅਤੇ ਹੋਰ ਲੋਕਾਂ ਦੀ ਭਾਲ ਵੀ ਕੀਤੀ ਜਾ ਰਹੀ ਹੈ, ਜੋ ਇਸ ਧੋਖਾਧੜੀ ਵਿਚ ਸ਼ਾਮਲ ਹੋ ਸਕਦੇ ਹਨ। ਇਸ ਮਾਮਲੇ ਵਿਚ ਬੈਂਕਾਂ ਅਤੇ ਵੱਖ-ਵੱਖ ਏਜੰਸੀਆਂ ਵੀ ਸ਼ਾਮਲ ਹਨ। ਆਸਟ੍ਰੇਲੀਆ ਵਿਚ ਸਾਈਬਰ ਕ੍ਰਾਈਮ ਉੱਤੇ ਸਖ਼ਤੀ ਨਾਲ ਨਜਿੱਠਿਆ ਜਾਂਦਾ ਹੈ ਅਤੇ ਇਸ ਲਈ ਵੱਡੀਆਂ ਸਜ਼ਾਵਾਂ ਹਨ। ਇਸ ਨੌਜਵਾਨ ਨੂੰ ਜੇਲ੍ਹ ਵਿਚ ਰੱਖਿਆ ਗਿਆ ਹੈ ਅਤੇ ਉਸ ਦਾ ਕੋਰਟ ਵਿਚ ਕੇਸ ਚੱਲ ਰਿਹਾ ਹੈ।

## ਮੋਹਾਲੀ ਦਾ ਮਸ਼ਹੂਰ ਵੀਆਰ ਪੰਜਾਬ ਮਾਲ ਲਾਕਡਾਊਨ




ਮੋਹਾਲੀ ਦੇ ਏਅਰਪੋਰਟ ਰੋਡ ਉੱਤੇ ਸਥਿਤ ਵੀਆਰ ਪੰਜਾਬ ਮਾਲ, ਜੋ ਇੱਕ ਵਾਰ ਤ੍ਰਿਸਿਟੀ ਦਾ ਇੱਕ ਵੱਡਾ ਖਰੀਦਦਾਰੀ ਅਤੇ ਮਨੋਰੰਜਨ ਦਾ ਕੇਂਦਰ ਸੀ, ਅੱਜ ਅਚਾਨਕ ਲਾਕਡਾਊਨ ਹੋ ਗਿਆ ਹੈ। ਇਸ ਮਾਲ ਨੂੰ ਚਲਾਉਣ ਵਾਲੀ ਕੰਪਨੀ ਵੀਆਰ ਮਾਲਵਾ ਪ੍ਰਾਈਵੇਟ ਲਿਮਟਿਡ ਨੇ ਇੱਕ ਅਧਿਕਾਰਤ ਨੋਟਿਸ ਜਾਰੀ ਕਰਕੇ ਇਸ ਨੂੰ ਤੁਰੰਤ ਬੰਦ ਕਰ ਦਿੱਤਾ ਗਿਆ ਹੈ। ਇਸ ਫੈਸਲੇ ਨਾਲ ਸੈਂਕੜੇ ਇੱਕ ਤੋਂ ਵੱਧ ਰਿਟੇਲ ਦੁਕਾਨਾਂ, ਬ੍ਰਾਂਡਿਡ ਸਟੋਰਾਂ, ਪੀਵੀਆਰ ਮਲਟੀਪਲੈਕਸ ਅਤੇ ਫੂਡ ਆਊਟਲੈਟਸ ਰਾਤੋ ਰਾਤ ਤਾਲਾ ਲੱਗ ਗਿਆ ਹੈ। ਹਜ਼ਾਰਾਂ ਲੋਕਾਂ ਦੀ ਰੋਜ਼ੀ-ਰੋਟੀ ਉੱਤੇ ਸਵਾਲ ਖੜ੍ਹਾ ਹੋ ਗਿਆ ਹੈ।

ਇਸ ਲਾਕਡਾਊਨ ਦਾ ਮੁੱਖ ਕਾਰਨ ਇਮਾਰਤ ਦੀ ਢਾਂਚਾਗਤ ਸੁਰੱਖਿਆ ਦਾ ਮੁੱਦਾ ਹੈ। ਤਕਨੀਕੀ ਟੀਮ ਵੱਲੋਂ ਜਾਂਚ ਤੋਂ ਬਾਅਦ ਪਤਾ ਲੱਗਿਆ ਹੈ ਕਿ ਇਮਾਰਤ ਵਿੱਚ ਗੰਭੀਰ ਖਤਰੇ ਹਨ। ਇਸ ਦਾ ਵੱਡਾ ਕਾਰਨ ੩ ਅਪ੍ਰੈਲ ਨੂੰ ਆਇਆ ਭੂਚਾਲ ਮੰਨਿਆ ਜਾ ਰਿਹਾ ਹੈ। ਇਸ ਭੂਚਾਲ ਨੇ ਇਮਾਰਤ ਉੱਤੇ ਅਣਚਾਹੀ ਅਸਰ ਪਾਇਆ ਹੈ ਅਤੇ ਇਸ ਨੂੰ ਹੋਰ ਕਮਜ਼ੋਰ ਬਣਾ ਦਿੱਤਾ ਹੈ। ਇਸ ਤੋਂ ਇਲਾਵਾ ਮਾਲ ਦੀ ਹਾਲਤ ਪਿਛਲੇ ਕਈ ਸਾਲਾਂ ਤੋਂ ਖਰਾਬ ਹੋ ਰਹੀ ਸੀ। ਗਾਹਕਾਂ ਦੀ ਘੱਟ ਆਮਦ, ਲਗਾਤਾਰ ਵਿੱਤੀ ਨੁਕਸਾਨ ਅਤੇ ਆਸ-ਪਾਸ ਨਵੀਆਂ ਮਾਲਾਂ ਖੁੱਲ੍ਹਣ ਕਾਰਨ ਵੀ ਇਸ ਦੀ ਹਾਲਤ ਵਿਗੜੀ ਹੈ। ਪਹਿਲਾਂ ਇਸ ਨੂੰ ਨੌਰਥ ਕੰਟਰੀ ਮਾਲ ਕਿਹਾ ਜਾਂਦਾ ਸੀ ਅਤੇ ੨੦੧੭ ਵਿੱਚ ਇਸ ਦਾ ਨਾਮ ਬਦਲ ਕੇ ਵੀਆਰ ਪੰਜਾਬ ਰੱਖਿਆ ਗਿਆ ਸੀ, ਪਰ ਨਾਮ ਬਦਲਣ ਨਾਲ ਵੀ ਇਸ ਦੀ ਸਥਿਤੀ ਵਿੱਚ ਖਾਸ ਬਿਹਤਰੀ ਨਾ ਆਈ।ਪ੍ਰਬੰਧਨ ਵੱਲੋਂ ਸਾਫ਼ ਕਿਹਾ ਗਿਆ ਹੈ ਕਿ ਮਾਲ ਤਦ ਹੀ ਖੋਲ੍ਹਿਆ ਜਾਵੇਗਾ ਜਦੋਂ ਇਮਾਰਤ ਪੂਰੀ ਤਰ੍ਹਾਂ ਸੁਰੱਖਿਅਤ ਅਤੇ ਵਰਤੋਂ ਲਾਇਕ ਹੋ ਜਾਵੇਗੀ। ਇਸ ਵੇਲੇ ਲੋਕਾਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਇਸ ਨੂੰ ਸੀਲ ਕਰ ਦਿੱਤਾ ਗਿਆ ਹੈ ਅਤੇ ਆਮ ਲੋਕਾਂ ਲਈ ਇਸ ਵਿੱਚ

## Cee7news ਅਫਗਾਨ ਤੇਜ਼ ਗੇਂਦਬਾਜ਼ ਸ਼ਾਪੂਰ ਜ਼ਾਦਰਾਨ ਦੀ ਸਿਹਤ ਨਾਜ਼ੁਕ ਹੋਣ ਦੀ ਖ਼ਬਰ ਨੇ ਪ੍ਰਸ਼ੰਸਕਾਂ ਨੂੰ ਕੀਤਾ ਉਦਾਸ

### ਪੂਰਵ ਅਫਗਾਨਿਸਤਾਨੀ ਤੇਜ਼ ਗੇਂਦਬਾਜ਼ ਸ਼ਾਪੂਰ ਜ਼ਾਦਰਾਨ ਹਸਪਤਾਲ ਵਿਚ ਭਰਤੀ

ਅਫਗਾਨਿਸਤਾਨ ਕ੍ਰਿਕਟ ਟੀਮ ਦੇ ਸਾਬਕਾ ਤੇਜ਼ ਗੇਂਦਬਾਜ਼ ਸ਼ਾਪੂਰ ਜ਼ਾਦਰਾਨ ਦੀ ਸਿਹਤ ਨਾਲ ਜੁੜੀ ਚਿੰਤਾਜਨਕ ਖਬਰ ਆਈ ਹੈ। 38 ਸਾਲਾ ਇਸ ਖਿਡਾਰੀ ਨੂੰ ਭਾਰਤ ਦੀ ਰਾਜਧਾਨੀ ਨਵੀਂ ਦਿੱਲੀ ਦੇ ਇੱਕ ਹਸਪਤਾਲ ਵਿਚ ਆਈਸੀਯੂ ਵਿਚ ਭਰਤੀ ਕੀਤਾ ਗਿਆ ਹੈ ਅਤੇ ਉਸ ਦੀ ਹਾਲਤ ਬਹੁਤ ਨਾਜ਼ੁਕ ਬਣੀ ਹੋਈ ਹੈ। ਉਸ ਨੂੰ ਗੰਭੀਰ ਬੀਮਾਰੀ ਹੈਮੋਫੈਗੋਸਾਈਟਿਕ ਲਿਮਫੋਹਿਸਟੀਓਸਾਈਟੋਸਿਸ (ਐਚਐਲਐਚ) ਦਾ ਐਡਵਾਂਸ ਸਟੇਜ ਹੈ, ਜਿਸ ਕਾਰਨ ਉਸ ਦੀ ਇਮਿਊਨ ਸਿਸਟਮ ਫੇਲ੍ਹ ਹੋ ਰਹੀ ਹੈ। ਇਹ ਬੀਮਾਰੀ ਆਮ ਤੌਰ ਤੇ ਬੱਚਿਆਂ ਵਿਚ ਹੁੰਦੀ ਹੈ ਪਰ ਬਾਲਗਾਂ ਵਿਚ ਵੀ ਇਨਫੈਕਸ਼ਨ ਜਾਂ ਕੈਂਸਰ ਵਰਗੀਆਂ ਸਮੱਸਿਆਵਾਂ ਕਾਰਨ ਹੋ ਸਕਦੀ ਹੈ। ਸ਼ਾਪੂਰ ਜ਼ਾਦਰਾਨ ਨੇ ਜਨਵਰੀ ਮਹੀਨੇ ਵਿਚ ਭਾਰਤ ਆ ਕੇ ਇਲਾਜ ਸ਼ੁਰੂ ਕੀਤਾ ਸੀ। ਉਸ ਨੂੰ ਪਿਛਲੀ ਸਪਾਈਨਲ ਸਰਜਰੀ ਤੋਂ ਬਾਅਦ ਗੰਭੀਰ ਇਨਫੈਕਸ਼ਨ ਹੋ ਗਿਆ ਅਤੇ ਵਾਈਟ ਬਲੱਡ ਸੈੱਲਸ ਦੀ ਗਿਣਤੀ ਬਹੁਤ ਘੱਟ ਹੋ ਗਈ। ਇਸ ਕਾਰਨ ਉਸ ਨੂੰ ਤੁਰੰਤ ਆਈਸੀਯੂ ਵਿਚ ਰੱਖਿਆ ਗਿਆ ਹੈ ਅਤੇ ਡਾਕਟਰ ਉਸ ਦੀ ਨਿਗਰਾਨੀ ਕਰ ਰਹੇ ਹਨ। ਪਰਿਵਾਰਕ ਮੈਂਬਰਾਂ ਅਤੇ ਰਿਪੋਰਟਾਂ ਮੁਤਾਬਕ ਉਸ ਦੀ ਹਾਲਤ ਬਹੁਤ ਗੰਭੀਰ ਹੈ ਅਤੇ ਉਹ ਜੀਵਨ ਅਤੇ ਮੌਤ ਦੀ ਲੜਾਈ ਲੜ ਰਿਹਾ ਹੈ। ਕਈ ਰਿਪੋਰਟਾਂ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਉਸ ਨੂੰ ਮੈਡੀਕਲ ਵੀਜ਼ਾ ਲੈਣ ਵਿਚ ਵੀ ਦੇਰੀ ਹੋਈ ਸੀ, ਜੋ ਅਫਗਾਨ ਨਾਗਰਿਕਾਂ ਲਈ ਚੁਣੌਤੀ ਬਣੀ ਹੋਈ ਹੈ। ਸ਼ਾਪੂਰ ਜ਼ਾਦਰਾਨ ਅਫਗਾਨਿਸਤਾਨ ਲਈ ਇੱਕ ਮਹੱਤਵਪੂਰਨ ਤੇਜ਼ ਗੇਂਦਬਾਜ਼ ਸੀ। ਉਸ ਨੇ ਆਪਣੇ ਕਰੀਅਰ ਵਿਚ ਅਫਗਾਨ ਟੀਮ ਲਈ ਟੈਸਟ, ਵਨਡੇ ਅਤੇ ਟੀ-20 ਮੈਚ ਖੇਡੇ। ਉਸ ਦੀ ਲੈਫਟ ਆਰਮ ਫਾਸਟ ਬਾਲਿੰਗ ਲਈ ਉਸ ਨੂੰ ਬਹੁਤ ਪਸੰਦ ਕੀਤਾ ਜਾਂਦਾ ਸੀ। ਉਸ ਨੇ ਅਫਗਾਨਿਸਤਾਨ ਨੂੰ ਆਈਸੀਸੀ ਟੂਰਨਾਮੈਂਟਾਂ ਵਿਚ ਮਜ਼ਬੂਤੀ ਨਾਲ ਨੁਮਾਇੰਦਗੀ ਕੀਤੀ ਅਤੇ ਯੰਗ ਖਿਡਾਰੀਆਂ ਲਈ ਇੱਕ ਰੋਲ ਮਾਡਲ ਵੀ ਬਣਿਆ। ਉਸ ਦੀ ਗੇਂਦਬਾਜ਼ੀ ਵਿਚ ਸਪੀਡ ਅਤੇ ਐਕੂਰੇਸੀ ਬਹੁਤ ਵਧੀਆ ਹੁੰਦੀ ਸੀ। ਉਸ ਨੇ ਅਫਗਾਨ ਕ੍ਰਿਕਟ ਨੂੰ ਨਵੀਂ ਉਚਾਈਆਂ ਤੱਕ ਪਹੁੰਚਾਉਣ ਵਿਚ ਅਹਿਮ ਭੂਮਿਕਾ ਨਿਭਾਈ। ਪਰ ਹੁਣ ਉਸ ਦੀ ਸਿਹਤ ਇਸ ਤਰ੍ਹਾਂ ਖਰਾਬ ਹੋਣ ਨਾਲ ਪੂਰੀ ਕ੍ਰਿਕਟ ਦੁਨੀਆਂ ਸਦਮੇ ਵਿਚ ਹੈ।

ਪਾਕਿਸਤਾਨੀ ਕ੍ਰਿਕਟ ਸਟਾਰਸ ਨੇ ਵੀ ਉਸ ਲਈ ਦੁਆਵਾਂ ਕੀਤੀਆਂ ਹਨ। ਸ਼ਾਹਿਦ ਅਫਰੀਦੀ, ਕਮਰਾਨ ਅਕਮਲ ਵਰਗੇ ਖਿਡਾਰੀਆਂ ਨੇ ਸੋਸ਼ਲ ਮੀਡੀਆ ਤੇ ਉਸ ਲਈ ਤੇਜ਼ ਰਿਕਵਰੀ ਦੀ ਪ੍ਰਾਰਥਨਾ ਕੀਤੀ ਹੈ। ਕਮਰਾਨ ਅਕਮਲ ਨੇ ਹਸਪਤਾਲ ਵਿਚ ਉਸ ਦੀਆਂ ਤਸਵੀਰਾਂ ਵੀ ਸਾਂਝੀਆਂ ਕੀਤੀਆਂ ਹਨ, ਜਿਨ੍ਹਾਂ ਨੇ ਫੈਨਜ਼ ਨੂੰ ਬਹੁਤ ਚਿੰਤਤ ਕਰ ਦਿੱਤਾ ਹੈ। ਅਫਗਾਨਿਸਤਾਨ ਦੇ ਰਾਸ਼ਿਦ ਖਾਨ ਅਤੇ ਅਸਗਰ ਅਫਗਾਨ ਵਰਗੇ ਖਿਡਾਰੀ ਵੀ ਉਸ ਦੀ ਮਦਦ ਲਈ ਅੱਗੇ ਆਏ ਹਨ। ਪੂਰੀ ਕ੍ਰਿਕਟ ਫੈਮਿਲੀ ਉਸ ਲਈ ਪ੍ਰਾਰਥਨਾ ਕਰ ਰਹੀ ਹੈ ਅਤੇ ਉਮੀਦ ਕਰ ਰਹੀ ਹੈ ਕਿ ਉਹ ਜਲਦੀ ਠੀਕ ਹੋ ਜਾਵੇਗਾ।

ਸ਼ਾਪੂਰ ਜ਼ਾਦਰਾਨ ਦਾ ਕਰੀਅਰ ਬਹੁਤ ਸੰਘਰਸ਼ ਭਰਿਆ ਰਿਹਾ। ਅਫਗਾਨਿਸਤਾਨ ਵਰਗੇ ਮੁਸ਼ਕਲ ਮਾਹੌਲ ਵਿਚ ਵੀ ਉਸ ਨੇ ਕ੍ਰਿਕਟ ਖੇਡੀ ਅਤੇ ਆਪਣੀ ਟੀਮ ਲਈ ਯਾਦਗਾਰੀ ਪ੍ਰਦਰਸ਼ਨ ਕੀਤਾ।



ਉਸ ਦੀਆਂ ਬਾਲਾਂ ਨੇ ਵਿਰੋਧੀ ਬੱਲੇਬਾਜ਼ਾਂ ਨੂੰ ਬਹੁਤ ਪਰੇਸ਼ਾਨ ਕੀਤਾ। ਉਸ ਨੇ ਟੈਸਟ ਕ੍ਰਿਕਟ ਵਿਚ ਵੀ ਅਫਗਾਨਿਸਤਾਨ ਲਈ ਵਧੀਆ ਯੋਗਦਾਨ ਦਿੱਤਾ। ਪਰ ਹੁਣ ਉਸ ਨੂੰ ਇਸ ਗੰਭੀਰ ਬੀਮਾਰੀ ਨਾਲ ਲੜਨਾ ਪੈ ਰਿਹਾ ਹੈ। ਡਾਕਟਰ ਉਸ ਨੂੰ ਬਿਹਤਰੀਨ ਇਲਾਜ ਮੁਹੱਈਆ ਕਰਵਾ ਰਹੇ ਹਨ ਅਤੇ ਉਮੀਦ ਹੈ ਕਿ ਉਸ ਦੀ ਹਾਲਤ ਵਿਚ ਸੁਧਾਰ ਹੋਵੇਗਾ।

ਇਸ ਖਬਰ ਨੇ ਕ੍ਰਿਕਟ ਪ੍ਰੇਮੀਆਂ ਵਿਚ ਚਿੰਤਾ ਪੈਦਾ ਕਰ ਦਿੱਤੀ ਹੈ। ਲੋਕ ਸੋਸ਼ਲ ਮੀਡੀਆ ਤੇ #PrayFoਇਸ ਖਬਰ ਨੇ ਕ੍ਰਿਕਟ ਪ੍ਰੇਮੀਆਂ ਵਿਚ ਚਿੰਤਾ ਪੈਦਾ ਕਰ ਦਿੱਤੀ ਹੈ। ਲੋਕ ਸੋਸ਼ਲ ਮੀਡੀਆ ਤੇ #PrayForShapoor ਵਰਗੇ ਹੈਸ਼ਟੈਗ ਨਾਲ ਉਸ ਲਈ ਸ਼ੁੱਭਕਾਮਨਾਵਾਂ ਭੇਜ ਰਹੇ ਹਨ।



ਘਟਨਾ ਇੱਕ ਵੱਡੀ ਅੰਤਰਰਾਸ਼ਟਰੀ ਖ਼ਬਰ ਬਣ ਗਈ

## ਅਮਰੀਕੀ ਫੌਜ ਵੱਲੋਂ ਇਰਾਨੀ ਕਾਰਗੋ ਜਹਾਜ਼ ਤੋਸਕਾ ਜ਼ਬਤ

ਅਮਰੀਕੀ ਫੌਜ ਵੱਲੋਂ ਇਰਾਨੀ ਕਾਰਗੋ ਜਹਾਜ਼ ਤੋਸਕਾ (Touska) ਨੂੰ ਜ਼ਬਤ ਕਰਨ ਦੀ ਘਟਨਾ ਇੱਕ ਵੱਡੀ ਅੰਤਰਰਾਸ਼ਟਰੀ ਖ਼ਬਰ ਬਣ ਗਈ ਹੈ। ਇਸ ਘਟਨਾ ਨੇ ਖਾੜੀ ਖੇਤਰ ਵਿਚ ਤਣਾਅ ਵਧਾ ਦਿੱਤਾ ਹੈ ਅਤੇ ਇਰਾਨ ਵੱਲੋਂ ਇਸ ਨੂੰ 'ਸਮੁੰਦਰੀ ਲੁੱਟ' ਕਿਹਾ ਗਿਆ ਹੈ। ਆਓ ਇਸ ਘਟਨਾ ਬਾਰੇ ਵਿਸਥਾਰ ਨਾਲ ਜਾਣੀਏ।20 ਅਪ੍ਰੈਲ 2026 ਨੂੰ ਅਮਰੀਕੀ ਨੇਵੀ ਅਤੇ ਮਰੀਨਜ਼ ਨੇ ਇਰਾਨੀ ਝੰਡੇ ਵਾਲੇ ਮਾਲ ਵਾਹਕ ਜਹਾਜ਼ ਤੋਸਕਾ ਨੂੰ ਅਰਬੀ ਸਾਗਰ ਵਿਚ ਫੜ ਲਿਆ। ਇਹ ਜਹਾਜ਼ ਅਮਰੀਕੀ ਬਲਾਕੇਡ ਤੋੜ ਕੇ ਇਰਾਨੀ ਬੰਦਰਗਾਹ ਤੱਕ ਪਹੁੰਚਣ ਦੀ ਕੋਸ਼ਿਸ਼ ਕਰ ਰਿਹਾ ਸੀ। ਅਮਰੀਕੀ ਫੌਜ ਨੇ ਦੱਸਿਆ ਕਿ ਯੂਐੱਸਐੱਸ ਸਪ੍ਰੂਐੱਨਸ (USS Spruance) ਡਿਸਟ੍ਰਾਇਅਰ ਨੇ ਜਹਾਜ਼ ਨੂੰ ਰੋਕਣ ਲਈ ਚਿਤਾਵਨੀਆਂ ਦਿੱਤੀਆਂ ਪਰ ਜਦੋਂ ਉਹ ਨਾ ਰੁੱਕਿਆ ਤਾਂ ਇੰਜਣ ਰੂਮ ਵਿਚ ਗੋਲੀ ਚਲਾ ਕੇ ਇਸ ਨੂੰ ਅਪਾਹਜ ਬਣਾ ਦਿੱਤਾ ਗਿਆ। ਇਸ ਤੋਂ ਬਾਅਦ ਅਮਰੀਕੀ ਮਰੀਨਜ਼ ਹੈਲੀਕਾਪਟਰ ਰਾਹੀਂ ਯੂਐੱਸਐੱਸ ਟ੍ਰਿਪੋਲੀ (USS Tripoli) ਤੋਂ ਉਤਰੇ ਅਤੇ ਰੈਪਲਿੰਗ ਕਰਕੇ ਜਹਾਜ਼ ਉੱਤੇ ਚੜ੍ਹ ਗਏ। ਇਸ ਤਰ੍ਹਾਂ ਜਹਾਜ਼ ਉੱਤੇ ਕਬਜ਼ਾ ਕਰ ਲਿਆ ਗਿਆ।ਪ੍ਰੈਜ਼ੀਡੈਂਟ ਡੋਨਾਲਡ ਟਰੰਪ ਨੇ ਇਸ ਘਟਨਾ ਬਾਰੇ ਟ੍ਰੂਥ ਸੋਸ਼ਲ ਉੱਤੇ ਲਿਖਿਆ ਕਿ ਅਮਰੀਕੀ ਨੇਵੀ ਨੇ ਉਨ੍ਹਾਂ ਨੂੰ ਰੋਕ ਲਿਆ ਅਤੇ ਇੰਜਣ ਰੂਮ ਵਿਚ ਛੇਕ ਕਰਕੇ ਜਹਾਜ਼ ਨੂੰ ਰੋਕਿਆ। ਉਨ੍ਹਾਂ ਕਿਹਾ ਕਿ ਮਰੀਨਜ਼ ਹੁਣ ਇਸ ਜਹਾਜ਼ ਦੀ ਹਿਰਾਸਤ ਵਿਚ ਹਨ। ਇਹ ਜਹਾਜ਼ ਅਮਰੀਕੀ ਖਜ਼ਾਨਾ ਵਿਭਾਗ ਵੱਲੋਂ ਲਾਗੂ ਸੈਂਕਸ਼ਨਾਂ ਵਾਲੀ ਕੰਪਨੀ ਨਾਲ ਜੁੜਿਆ ਹੋਇਆ ਸੀ। ਇਸ ਤੋਂ ਇਲਾਵਾ ਇਸ ਜਹਾਜ਼ ਦਾ ਚੀਨੀ ਬੰਦਰਗਾਹਾਂ ਨਾਲ ਵੀ ਲੰਮਾ ਸਬੰਧ ਰਿਹਾ ਹੈ, ਜਿਸ ਨਾਲ ਇਸ ਘਟਨਾ ਨੂੰ ਵਧੇਰੇ ਮਹੱਤਵ ਮਿਲ ਰਿਹਾ ਹੈ।ਇਰਾਨ ਨੇ ਇਸ ਐਕਸ਼ਨ ਨੂੰ ਸਖ਼ਤ ਨਿਖੇਧੀ ਕੀਤੀ ਹੈ ਅਤੇ ਇਸ ਨੂੰ 'ਹਥਿਆਰਬੰਦ ਲੁੱਟ' ਅਤੇ 'ਸੀਜ਼ਫਾਇਰ ਦੀ ਉਲੰਘਣਾ' ਦੱਸਿਆ ਹੈ। ਇਰਾਨੀ ਅਧਿਕਾਰੀਆਂ ਨੇ ਬਦਲਾ ਲੈਣ ਦੀ ਧਮਕੀ ਦਿੱਤੀ ਹੈ ਅਤੇ ਕਿਹਾ ਹੈ ਕਿ ਇਸ ਦਾ ਜਵਾਬ ਤੇਜ਼ੀ ਨਾਲ ਦਿੱਤਾ ਜਾਵੇਗਾ। ਇਰਾਨ ਨੇ ਇਸ ਤੋਂ ਪਹਿਲਾਂ ਵੀ ਅਮਰੀਕੀ ਬਲਾਕੇਡ ਨੂੰ ਚੁਣੌਤੀ ਦਿੱਤੀ ਸੀ ਅਤੇ ਸਟ੍ਰੇਟ ਆਫ ਹਾਰਮੁਜ਼ ਨੂੰ ਬੰਦ ਕਰਨ ਦੀ ਗੱਲ ਆਖੀ ਸੀ। ਇਹ ਖੇਤਰ ਤੇਲ ਦੀ ਆਪੂਰਤੀ ਲਈ ਬਹੁਤ ਮਹੱਤਵਪੂਰਨ ਹੈ ਅਤੇ ਇਥੇ ਕੋਈ ਵੀ ਤਣਾਅ ਵਿਸ਼ਵ ਆਰਥਿਕਤਾ ਉੱਤੇ ਅਸਰ ਪਾ ਸਕਦਾ ਹੈ। ਨੇ ਇਸ ਆਪਰੇਸ਼ਨ ਦਾ ਵੀਡੀਓ ਵੀ ਜਾਰੀ ਕੀਤਾ

### ਇਰਾਨ ਵੱਲੋਂ ਇਸ ਨੂੰ 'ਸਮੁੰਦਰੀ ਲੁੱਟ' ਕਿਹਾ ਗਿਆ

ਹੈ ਜਿਸ ਵਿਚ ਮਰੀਨਜ਼ ਦੇ ਹੈਲੀਕਾਪਟਰ ਰਾਹੀਂ ਉਤਰਣ ਅਤੇ ਜਹਾਜ਼ ਉੱਤੇ ਚੜ੍ਹਨ ਦੀਆਂ ਤਸਵੀਰਾਂ ਸਾਫ਼ ਦਿਖਾਈ ਦਿੰਦੀਆਂ ਹਨ। ਇਸ ਵੀਡੀਓ ਵਿਚ ਯੂਐੱਸ ਡਿਸਟ੍ਰਾਇਅਰ ਵੱਲੋਂ ਚਿਤਾਵਨੀ ਗੋਲੀਆਂ ਚਲਾਉਣ ਅਤੇ ਜਹਾਜ਼ ਨੂੰ ਰੋਕਣ ਦੀ ਪ੍ਰਕਿਰਿਆ ਵੀ ਦਰਜ ਹੈ। ਸੈਂਟਕਾਮ (CENTCOM) ਨੇ ਇਸ ਨੂੰ ਇੱਕ ਸਫਲ ਆਪਰੇਸ਼ਨ ਦੱਸਿਆ ਹੈ ਜਿਸ ਵਿਚ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਨਹੀਂ ਹੋਇਆ।

ਇਸ ਘਟਨਾ ਦਾ ਬੈਕਗ੍ਰਾਉਂਡ ਇਰਾਨ ਅਤੇ ਅਮਰੀਕਾ ਵਿਚਾਲੇ ਲੰਬੇ ਸਮੇਂ ਤੋਂ ਚੱਲ ਰਹੇ ਤਣਾਅ ਨਾਲ ਜੁੜਿਆ ਹੈ। ਟਰੰਪ ਪ੍ਰਸ਼ਾਸਨ ਇਰਾਨ ਉੱਤੇ ਸਖ਼ਤੀ ਨਾਲ ਲਾਗੂ ਸੈਂਕਸ਼ਨਾਂ ਅਤੇ ਨਾਵਲ ਬਲਾਕੇਡ ਰਾਹੀਂ ਦਬਾਅ ਬਣਾ ਰਿਹਾ ਹੈ। ਇਰਾਨ ਇਸ ਬਲਾਕੇਡ ਨੂੰ ਤੋੜਨ ਲਈ ਵੱਖ-ਵੱਖ ਤਰੀਕੇ ਅਪਣਾ ਰਿਹਾ ਹੈ ਅਤੇ ਇਸ ਜਹਾਜ਼ ਦੀ ਕੋਸ਼ਿਸ਼ ਵੀ ਉਸੇ ਲੜੀ ਵਿਚ ਸੀ। ਚੀਨ ਨਾਲ ਜਹਾਜ਼ ਦੇ ਲਿੰਕ ਹੋਣ ਕਾਰਨ ਇਸ ਘਟਨਾ ਵਿਚ ਤੀਜੀ ਤਾਕਤ ਵੀ ਸ਼ਾਮਲ ਹੋਣ ਦੀ ਆਸ ਹੈ, ਜਿਸ ਨਾਲ ਵਿਸ਼ਵ ਪੱਧਰ ਉੱਤੇ ਤਣਾਅ ਵਧ ਸਕਦਾ ਹੈ।

ਇਸ ਘਟਨਾ ਨੇ ਅੰਤਰਰਾਸ਼ਟਰੀ ਭਾਈਚਾਰੇ ਵਿਚ ਚਰਚਾ ਛੇੜ ਦਿੱਤੀ ਹੈ। ਕਈ ਮੁਲਕ ਇਸ ਨੂੰ ਅਮਰੀਕਾ ਵੱਲੋਂ ਤਾਕਤ ਦਾ ਦੁਰਵਰਤੋਂ ਮੰਨ ਰਹੇ ਹਨ ਜਦਕਿ ਅਮਰੀਕਾ ਇਸ ਨੂੰ ਆਪਣੀ ਸੁਰੱਖਿਆ ਅਤੇ ਸੈਂਕਸ਼ਨਾਂ ਨੂੰ ਲਾਗੂ ਕਰਨ ਵਜੋਂ ਜਾਇਜ਼ ਠਹਿਰਾ ਰਿਹਾ ਹੈ। ਇਰਾਨ ਵੱਲੋਂ ਬਦਲੇ ਦੀ ਧਮਕੀ ਤੋਂ ਬਾਅਦ ਖਾੜੀ ਖੇਤਰ ਵਿਚ ਹੋਰ ਵੀ ਸੁਰੱਖਿਆ ਉਪਾਅ ਵਧਾਏ ਜਾ ਰਹੇ ਹਨ। ਤੇਲ ਦੀਆਂ ਕੀਮਤਾਂ ਵਿਚ ਵੀ ਵਾਧਾ ਹੋਣ ਦੀ ਸੰਭਾਵਨਾ ਹੈ।

ਇਸ ਤੋਂ ਇਲਾਵਾ ਇਸ ਘਟਨਾ ਨੇ ਸਮੁੰਦਰੀ ਆਵਾਜਾਈ ਉੱਤੇ ਵੀ ਅਸਰ ਪਾਇਆ ਹੈ। ਵਪਾਰੀ ਜਹਾਜ਼ਾਂ ਨੂੰ ਹੁਣ ਵਧੇਰੇ ਸਾਵਧਾਨੀ ਵਰਤਣੀ ਪੈ ਰਹੀ ਹੈ। ਅਮਰੀਕਾ ਨੇ ਇਸ ਆਪਰੇਸ਼ਨ ਨੂੰ ਇੱਕ ਉਦਾਹਰਣ ਵਜੋਂ ਪੇਸ਼ ਕੀਤਾ ਹੈ ਕਿ ਉਹ ਆਪਣੀਆਂ ਲਾਈਨਾਂ ਅਤੇ ਬਲਾਕੇਡ ਨੂੰ ਕਿਸੇ ਵੀ ਤਰ੍ਹਾਂ ਤੋੜਣ ਨਹੀਂ ਦੇਵੇਗਾ। ਇਰਾਨ ਵੱਲੋਂ ਜਵਾਬੀ ਐਕਸ਼ਨ ਦੀ ਉਮੀਦ ਵੀ ਕੀਤੀ ਜਾ ਰਹੀ ਹੈ ਜਿਸ ਨਾਲ ਸਥਿਤੀ ਹੋਰ ਵਿਗੜ ਸਕਦੀ ਹੈ।

ਇਸ ਘਟਨਾ ਤੋਂ ਇੱਕ ਗੱਲ ਸਾਫ਼ ਹੈ ਕਿ ਅਮਰੀਕਾ ਅਤੇ ਇਰਾਨ ਵਿਚਾਲੇ ਤਣਾਅ ਅਜੇ ਵੀ ਘੱਟ ਨਹੀਂ ਹੋਇਆ। ਟਰੰਪ ਪ੍ਰਸ਼ਾਸਨ ਇਰਾਨ ਨਾਲ ਫਾਈਨਲ ਇਕਰਾਰਨਾਮੇ ਲਈ ਵੀ ਚਿਤਾਵਨੀ ਦੇ ਰਿਹਾ ਹੈ ਕਿ ਜੇਕਰ ਇਕਰਾਰ ਨਾ ਹੋਇਆ ਤਾਂ ਪੂਰਾ ਦੇਸ਼ ਤਬਾਹ ਹੋ ਸਕਦਾ ਹੈ। ਇਸ ਲਈ ਅੰਤਰਰਾਸ਼ਟਰੀ ਭਾਈਚਾਰਾ ਇਸ ਮਾਮਲੇ ਵਿਚ ਤੁਰੰਤ ਦਖਲ ਦੇਣ ਦੀ ਮੰਗ ਕਰ ਰਿਹਾ ਹੈ ਤਾਂ ਜੋ ਵੱਡੀ ਲੜਾਈ ਤੋਂ ਬਚਿਆ ਜਾ ਸਕੇ।

## ਤੇਰੀ ਚੁੱਪੀ



ਤੇਰੀ ਚੁੱਪੀ ਵਿੱਚ ਸੱਜਣਾ ਕਈਂ ਸਵਾਲ ਬੋਲਦੇ,
ਵਹਿੰਦੇ ਮੇਰੇ ਨੀਰਾਂ ਚ ਤੇਰੇ ਜਵਾਬ ਬੋਲਦੇ,

ਡਾਹਢਾ ਦੁੱਖ ਏ ਮੈਨੂੰ ਤੇਰੇ ਸ਼ਾਂਤ ਹੋ ਜਾਣ ਦਾ,
ਚਿਹਰੇ ਤੇਰੇ ਦੇ ਰੋਸੇ ਦਿਲ ਦਾ ਰਾਜ ਖੋਲਦੇ,

ਵੇਚਾਂ ਆਪਣੀ ਖੁਸ਼ੀ ਜੇ ਤੂੰ ਮੁਸਕਰਾਂ ਦੇਵੇ,
ਗ਼ਮ ਸਾਰੇ ਤੇਰੇ, ਮੁਰਸਦ ਮੇਰੀ ਝੋਲੀ ਤੋਲਦੇ,

ਤਨਹਾਈ 'ਚ ਮੈਂ ਤਾਂ ਯਾਦਾਂ ਨਾਲ ਕਰਾਂ ਗੱਲਾਂ,
ਇਹ ਹਵਾ ਤੇਰੇ ਸਾਹਾਂ ਦੀ ਮਹਿਕ ਨੂੰ,ਚਾਰ ਚੁਫੇਰੇ ਘੋਲਦੇ,

ਰਾਣੂ ਮੈਂ ਤਾਂ ਤੈਨੂੰ ਹਰ ਪਲ ਦਾ ਜ਼ਿਕਰ ਗਿਣਾਵਾਂ,
ਤੂੰ ਵੀ ਤਾਂ ਕਦੀ ਮੇਰੇ ਨਾਲ ਅਪਣਾ ਢਿੱਡ ਫੋਲਦੇ...॥

**ਗੁਰਜੀਤ ਕੌਰ ਰਾਣੂ**

## ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਭੋਗੀ...**

ਭੋਗੀ ਬਣਕੇ ਜ਼ਿੰਦਗੀ ਤਾਂ ਲੰਘ ਜਾਂਦੀ ਹੈ ਪਰ ਜ਼ਿੰਦਗੀ ਦਾ ਆਨੰਦ ਮਾਨਣੈ ਤਾਂ ਭੋਗੀ ਦੀ ਉਲਝਣ 'ਚੋਂ ਬਾਹਰ ਨਿਕਲ ਚਿੰਤਕ ਬਨਣਾ ਹੀ ਪੈਣੇ॥ ਬੇਹੁੱਦਾ ਚਿੰਤਾ 'ਚ ਰਹੋਂਗੇ ਤਾਂ ਦੁੱਖ ਭੋਗੀ ਦੇ ਹਾਲਾਤਾਂ 'ਚ ਉਲਝਣਾ ਤਹਿ ਸਮਝੋ। ਚਿੰਤਾ ਛੱਡੋ, ਚਿੰਤਨ ਵਧਾਓ॥ ਪਦਾਰਥ ਮਨੁੱਖ ਲਈ ਬਣੇ ਨੇ ਨਾ ਕਿ ਮਨੁੱਖ ਪਦਾਰਥਾਂ ਲਈ। ਜੋ ਇਸ ਖਲਜਗਣ 'ਚ ਉਲਝਿਆ ਰਿਹਾ ਉਹ ਭੋਗੀ ਹੀ ਬਣਿਆ ਰਹੇਗਾ। ਜ਼ਿੰਦਗੀ ਆਨੰਦਿਤ ਬਨਾਉਣ ਲਈ ਯੋਗੀ ਬਣ ਕੇ ਜੀਵੋ॥

**ਭਗਤੀ...**

ਭਗਤੀ 'ਚ ਤਰਕ ਅਧਾਰਿਤ ਸ਼ਰਧਾ ਦਾ ਸਿਧਾਂਤ ਤਾਂ ਅਪਣਾਇਆ ਜਾ ਸਕਦੈ ਪਰ ਨਿਰੋਲ ਸ਼ਰਧਾ ਦਾ ਸਿਲਸਿਲਾ ਲੰਬਾ ਸਮਾਂ ਕਦੀ ਨਹੀਂ ਚਲਦਾ॥ ਭਗਤੀ ਪ੍ਰਵਾਨ ਚੜਾਉਣੀ ਹੈ ਤਾਂ ਆਪਾ ਵਾਰਨ ਲਈ ਤਿਆਰ ਰਹੋ। ਲਾਈਲੱਗ ਜਾਂ ਚਾਪਲੂਸ ਲਈ ਭੋਰਾ ਭਰ ਵੀ ਤਰਕ ਕਰਨਾ ਦੁੱਖਾਂ ਦਾ ਪਹਾੜ ਛੇੜਨ ਬਰਾਬਰ ਹੁੰਦੈ॥

**ਦਰਸ਼ਨ ਸਿੰਘ ਬਰੇਟਾ**
**ਪ੍ਰਿੰਸੀਪਲ/ਜਿਲਾ ਆਰ. ਕਮਿਸ਼ਨਰ ਮਾਨਸਾ**

# ਛਾਤੀ ਵਿੱਚ ਦਰਦ ਦੀ ਅਹਿਮੀਅਤ ਸਮਝੋ



ਭਾਰਤ ਵਿੱਚ ਦਿਲ ਦੇ ਰੋਗਾਂ ਦੀ ਗਿਣਤੀ ਤੇਜ਼ੀ ਨਾਲ ਵੱਧ ਰਹੀ ਹੈ। ਇਕ ਅਨੁਮਾਨ ਮੁਤਾਬਕ ਦੇਸ਼ ਦੀ ਕੁੱਲ ਆਬਾਦੀ ਵਿੱਚੋਂ ਕਰੀਬ 6 ਕਰੋੜ ਲੋਕ ਦਿਲ ਦੀ ਬਿਮਾਰੀ ਤੋਂ ਪੀੜਤ ਹਨ। ਦਿਲ ਦੇ ਰੋਗੀਆਂ ਦੀ ਗਿਣਤੀ ਵਧਣ ਦੇ ਕਈ ਕਾਰਨ ਹਨ : ਖਾਣ ਪੀਣ,ਰਹਿਣ ਸਹਿਣ ਤੇ ਤਣਾਅਪੂਰਨ ਜੀਵਨ ਸ਼ੈਲੀ ਦਿਲ ਦੇ ਰੋਗ ਨੂੰ ਹੱਲਾਸ਼ੇਰੀ ਦਿੰਦੇ ਹਨ। ਭਾਰਤ ਚ ਖਾਣਪੀਣ ਤੇ ਕੋਈ ਪਾਬੰਦੀ ਨਹੀਂ ਹੈ ਤੇ ਨਾ ਹੀ ਖਾਣ ਪੀਣ ਦੀ ਮਾਤਰਾ ਤਹਿ ਹੈ। ਅਜਿਹੇ ਚ ਦਿਲ ਨੂੰ ਵੱਧ ਦਬਾਅ ਝਲਣਾ ਪੈਂਦਾ ਹੈ। 😭ਨਾਲ ਹੀ ਇਹ ਵੀ ਦੇਖਿਆ ਗਿਆ ਹੈ ਕਿ ਖਾਣ ਪੀਣ ਚ ਦੇਸੀ ਘਿਓ,ਹਾਈਡਰੋਜਨੇਟਡ ਤੇਲ ਤੇ ਨਾਰੀਅਲ ਦੇ ਤੇਲ ਆਦਿ ਚਰਬੀਆਂ (ਫੈਟ) ਦੀ ਖਪਤ ıਵਧੀ ਹੈ। ਖਾਣ ਪੀਣ ਚ ਇੱਕ ਪਾਸੇ ਚੀਨੀ ਦੀ ਅਧਿਕਤਾ ਜਾਂ ਦੂਜੇ ਪਾਸੇ ਨਮਕ ਅਤੇ ਖਟਾਈ ਵਾਲੀਆਂ ਚੀਜ਼ਾਂ ਵਾਧੂ ਖਾਧੀਆਂ ਜਾਂਦੀਆਂ ਹਨ। ਸ਼ੂਗਰ ਦੀ ਬਿਮਾਰੀ ਪੈਦਾ ਹੋ ਰਹੀ ਹੈ। ਨਮਕ ਅਤੇ ਨਮਕ ਨਾਲ ਬਣੀਆਂ ਚੀਜ਼ਾਂ ਜਿਆਦਾ ਵਰਤਣ ਨਾਲ ਬਲੱਡ ਪ੍ਰੈਸ਼ਰ ਵਧਦਾ ਹੈ, ਜਿਸ ਨਾਲ ਲੋਕ ਦਿਲ ਦੇ ਰੋਗ ਦੇ ਸ਼ਿਕਾਰ ਹੁੰਦੇ ਹਨ। ਦੇਰ ਰਾਤ ਤੱਕ ਬੈਠ ਕੇ ਕੰਮ ਕਰਦੇ ਰਹਿਣ ਦੀ ਆਦਤ ਤੇ ਸਰੀਰਕ ਕਸਰਤ ਨਾ ਕਰਨ ਵਾਲੇ ਲੋਕ ਇਸ ਬਿਮਾਰੀ ਦਾ ਸ਼ਿਕਾਰ ਵੱਧ ਹੁੰਦੇ ਹਨ। ਹੁਣ ਤਾਂ ਬੈਠ ਕੇ ਕਰਨ ਵਾਲੇ ਕਾਰੋਬਾਰ ਸ਼ਹਿਰਾਂ ਦੇ ਨਾਲ ਨਾਲ ਪਿੰਡਾਂ ਚ ਵੀ ਕਾਫੀ ਵੱਧ ਗਏ ਹਨ ਜਿਵੇਂ ਕਈ ਕਈ ਘੰਟੇ ਲੱਗੇ ਰਹਿ ਕੇ ਕੰਮ ਕਰਨਾ ਪੈਂਦਾ ਹੈ। ਲੋਕਾਂ ਚ ਚੱਲਣ ਫਿਰਨ ਦੀ ਆਦਤ ਘੱਟ ਹੁੰਦੀ ਜਾ ਰਹੀ ਹੈ। ਸਰੀਰ ਕਸਰਤ ਲਈ ਲੋਕਾਂ ਨੂੰ ਟਾਈਮ ਨਹੀਂ ਮਿਲ ਰਿਹਾ। ਦਿਲ ਦੇ ਰੋਗ ਹੋ ਜਾਣਾ ਹੈ,ਇਹ ਪਿਤਾ ਪੁਰਖੀ ਵੀ ਚੱਲਦਾ ਹੈ ਅਤੇ ਦੂਜੀ ਪੀੜ੍ਹੀ ਇਸ ਨਾਲ ਘੱਟ ਉਮਰ ਚ ਹੀ ਅਸਰਅੰਦਾਜ ਹੋ ਜਾਂਦੀ ਹੈ। ਜਦ ਵਿਅਕਤੀ ਦੇ ਛਾਤੀ ਚ ਦਰਦ ਹੁੰਦਾ ਹੈ ਤਾਂ ਉਹ ਸਮਝ ਨਹੀਂ ਸਕਦਾ ਕਿ ਉਹ ਇਸ ਨੂੰ ਗੈਸ ਡਾ ਦਰਦ ਸਮਝੇ ਤਾਂ ਹਾਰਟ ਅਟੈਕ (ਅਨਜਾਇਨਾ) ਦਾ। ਜਦ ਉਹ ਇਸ ਨੂੰ ਗੈਸ ਦਾ ਦਰਦ ਸਮਝਦਾ ਹੈ ਅਤੇ ਟਾਲਦਾ ਰਹਿੰਦਾ ਹੈ ਜਦੋਂ ਇਹ ਦਰਦ ਅਸਹਿ ਹੋ ਜਾਵੇ ਤਾਂ ਸਵਾਲ ਪੈਦਾ ਹੁੰਦਾ ਹੈ ਕਿ ਕਿਸ ਨਾਲ ਸੰਪਰਕ ਕੀਤਾ ਜਾਵੇ ? ਜਦੋਂ ਬੰਦਾ ਡਾਕਟਰ ਕੋਲ ਜਾਂਦਾ ਹੈ ਤਾਂ ਉਹ ਸਭ ਤੋਂ ਪਹਿਲਾਂ ਸਾਰੀ ਜਾਂਚ ਕਰਾਉਂਦਾ ਹੈ। ਬਲੱਡ ਪ੍ਰੈਸ਼ਰ, ਸੂਗਰ ਦੇ ਨਾਲ ਈਸੀਜੀ ਦੀ ਜਾਂਚ ਕੀਤੀ ਜਾਂਦੀ ਹੈ। ਇਸ ਤੋਂ ਪਤਾ ਲੱਗ ਜਾਂਦਾ ਹੈ ਕਿ ਵਿਅਕਤੀ ਨੂੰ ਹਰਟੈਕ ਹੋਇਆ ਹੈ ਅਤੇ ਹਾਲਤ ਕੀ ਹੈ ਕਈ ਵਾਰੀ ਈ ਸੀਂ ਜੀ ਠੀਕ ਠਾਕ ਹੋਣ ਤੇ ਵੀ ਹਾਰਟ ਅਟੈਕ ਹੋ ਜਾਂਦਾ ਹੈ। ਅਜਿਹੇ ਚ ਟੀ ਐਮ ਟੀ ਟੈਸਟ ਕਰਵਾਇਆ ਜਾਂਦਾ ਹੈ। ਮੱਖਣ ਮਾਸ ਸ਼ਰਾਬ ਕਾਫੀ ਆਦਿ ਤੇ ਕੰਟਰੋਲ ਜਰੂਰੀ ਹੈ। ਸੁਬਾਹ ਹਰ ਬੰਦੇ ਨੂੰ 45 ਮਿੰਟ ਤੇਜੀ ਨਾਲ ਟਹਿਲਣਾ ਚਾਹੀਦਾ ਹੈ। ਇਹ ਦਿਲ ਦੇ ਰੋਗ ਤੋਂ ਬਚਣ ਲਈ ਜਰੂਰੀ ਹੈ। ਸਿਗਰਟਨੋਸ਼ੀ ਤੇ ਸ਼ਰਾਬ ਦੀ ਵਰਤੋਂ ਨੁਕਸਾਨਦਹਿ ਹੈ। ਨਿਯਮਤ ਸੰਗੀਤ, ਯੋਗ ਤਣਾਅ ਨੂੰ ਘੱਟ ਕਰਨ ਚ ਸਹਾਇਕ ਹੁੰਦੇ ਹਨ। ਦਿਲ ਦੇ ਰੋਗ ਤੋਂ ਬਚਾਅ ਲਈ ਸਾਨੂੰ ਪਹਿਲਾਂ ਹੀ ਸਾਵਧਾਨੀ ਵਰਤਣੀ ਚਾਹੀਦੀ ਹੈ। 35 ਸਾਲ ਦੀ ਉਮਰ ਪਿੱਛੋਂ ਮਿੱਠੇ ਦੀ ਵਰਤੋਂ ਤੇ ਕੰਟਰੋਲ ਰੱਖੋ। ਨਮਕ ਵੀ ਸੀਮਤ ਮਾਤਰਾ ਚ ਲਓ। ਜੇ ਦਿਲ ਦੇ ਦੌਰੇ ਤੋਂ ਪਹਿਲਾਂ ਪਤਾ ਲੱਗ ਜਾਵੇ ਤਾਂ ਵਿਅਕਤੀ ਦਿਲ ਦੇ ਰੋਗ ਤੇ ਉਸ ਨਾਲ ਸੰਬੰਧਿਤ ਬਿਮਾਰੀਆਂ ਦਾ ਸ਼ਿਕਾਰ ਹੈ ਤਾਂ 95 ਫੀਸਦੀ ਰੋਗੀਆਂ ਨੂੰ ਬਿਲਕੁਲ ਠੀਕ ਕੀਤਾ ਜਾ ਸਕਦਾ ਹੈ। ਜੇ 25 ਸਾਲ ਦੀ ਉਮਰ ਚ ਪ੍ਰੋਵੈਂਟਿਵ ਚੈੱਕ ਅਪ ਕੀਤਾ ਜਾਵੇ ਤਾਂ ਵਿਅਕਤੀ ਸ਼ੂਗਰ ਤੇ ਹਾਈ ਬਲੱਡ ਪ੍ਰੈਸ਼ਰ, ਪਰਿਵਾਰਿਕ ਇਤਿਹਾਸ ਦੇ ਬਾਵਜੂਦ ਵੀ ਦਿਲ ਦੇ ਰੋਗ ਦੇ ਜੋਖਮ ਨੂੰ ਘੱਟ ਕਰ ਸਕਦਾ ਹੈ।

ਕਾਰਡੀਅਕ ਸਟੈਮ ਸੈਲ ਤਕਨੀਕ :

ਗਲੋਬਲ ਹੈਲਥ ਪ੍ਰਾਈਵੇਟ ਲਿਮਿਟ ਨੇ ਕਾਰਡਿਕ ਸਟੈਮ ਸੈਲ ਤਕਨੀਕੀ ਦੀ ਜੋ ਵਿਧੀ ਚਲਾਈ ਹੈ,ਉਹ ਰੋਗੀਆਂ ਲਈ ਵਰਦਾਨ ਸਾਬਿਤ ਹੋ ਰਹੀ ਹੈ। ਇਹ ਥੈਰਪੀ ਚ ਸਟੈਮ ਸੈਲ ਰੋਗੀਆਂ ਦੇ ਆਪਣੇ ਖੂਨ ਤੋਂ ਲੈ ਜਾਂਦੇ ਹਨ। ਇਸ ਸਟੈਮ ਸੈੱਲ ਨੂੰ ਰੋਗ ਗ੍ਰਸਤ ਦਿਲ ਚ ਟ੍ਰਾਂਸਪਲਾਂਟ ਕਰਨ ਤੋਂ ਪਹਿਲਾਂ ਟਰਾਂਸਮਾਓਕਾਰਡੀਅਲ ਰੀਵਾਸਕੁਲਾਈਜੇਸ਼ਨ ਇਲਾਜ ਦੀ ਤਕਨੀਕ ਉਪਯੋਗ ਕੀਤੀ ਜਾਂਦੀ ਹੈ। ਇਲਾਜ ਦੀ ਇਸ ਵਿਧੀ ਵਿੱਚ 1000 ਵਾਟ ਪਾਵਰ ਵਾਲੀ ਹਾਰਟ ਲੇਜ਼ਰ ਰਾਹੀਂ ਦਿਨ ਦੀਆਂ ਮਾਸਪੇਸ਼ੀਆਂ ਚ ਸੁਰਾਖ਼ ਬਣਾਏ ਜਾਂਦੇ ਹਨ, ਜੋ ਕਿ ਅਕਸਰ ਇੱਕ ਮਿਲੀਮੀਟਰ ਲੰਬਾ ਹੁੰਦਾ ਹੈ ਅਤੇ ਇਹ ਸੁਰਾਖ਼ 500 ਮਿਲੀ ਸੈਕੰਡ ਜਾਂ ਉਸ ਤੋਂ ਵੀ ਘੱਟ ਸਮੇਂ ਚ ਬਣਾਇਆ ਜਾਂਦਾ ਹੈ। ਇਸ ਗੱਲ ਨੂੰ ਧਿਆਨ ਚ ਰੱਖਦੇ ਹੋਏ ਕਿ ਦਿਲ ਦੇ ਚੈਂਬਰ ਵੈਂਟਰੀਕਲ ਵਿੱਚੋਂ ਖੂਨ ਦੀਆਂ ਉਹਨਾਂ ਮਾਸਪੇਸ਼ੀਆਂ ਵਿੱਚ ਜਿਨਾਂ ਵਿੱਚ ਖੂਨ ਦੀ ਸਪਲਾਈ ਘੱਟ ਰਹੀ ਹੈ ਉਹਨਾਂ ਸੁਰਾਖਾਂ ਰਾਹੀਂ ਪੂਰੀ ਤਰ੍ਹਾਂ ਪਹੁੰਚ ਸਕੇ। ਕਰੀਬ 20 ਤੋਂ 30 ਸੁਰਾਖ਼ ਰੋਗ ਗ੍ਰਸਿਤ ਦਿਲ ਨੂੰ ਲੋੜ ਮੁਤਾਬਕ ਲੇਜਰ ਊਰਜਾ ਰਾਹੀਂ ਬਣਾਏ ਜਾਂਦੇ ਹਨ। ਇਹਨਾਂ ਸੁਰਾਖਾਂ ਦਾ ਬਾਹਰੀ ਸੁਰਾਖ ਆਪਣੇ ਆਪ ਬੰਦ ਹੋ ਜਾਂਦਾ ਹੈ ਪਰ ਅੰਦਰ ਦਾ ਸੁਰਾਖ ਤੇ ਆਪਣੇ ਖੂਨ ਤੋਂ ਲਏ ਸਟੈਮ ਸੈਲ ਨੂੰ ਰੋਗ ਗ੍ਰਸਿਤ ਦਿਲ ਵਾਲੇ ਹਿੱਸੇ ਚ ਟਰਾਂਸਪਲਾਂਟ ਕਰਦੇ ਹਨ। ਟਰਾਂਸਪਲਾਂਟ ਦੋ ਵਿਧੀਆਂ ਨਾਲ ਕਰਦੇ ਹਨ। ਪਹਿਲੀ ਵਿਧੀ ਚ ਸੰਚਾਰ ਕਰੋਨਰੀ ਸਰਕੂਲੇਸ਼ਨ ਰਾਹੀਂ ਸਟੈਮ ਸੈੱਲ ਨੂੰ ਸਿੱਧੇ ਦਿਲ ਦੀ ਧਮਨੀ ਚ ਪਹੁੰਚਾਉਂਦੇ ਹਨ। ਦੂਜਾ ਤਰੀਕਾ ਇੰਟਰੋਡੀਅਲ ਇੰਜੈਕਸ਼ਨ ਰਾਹੀਂ ਸਟੈਮ ਸੈਲ ਨੂੰ ਟਰਾਂਸਪਲਾਂਟ ਕੀਤਾ ਜਾਂਦਾ ਹੈ। ਅਕਸਰ ਦਿਲ ਵੱਧ ਤੋਂ ਵੱਧ ਬਲੱਡ ਸਰਕੂਲੇਸ਼ਨ ਦੀ ਮੰਗ ਕਰਦਾ ਹੈ। ਇਸ ਮੰਗ ਦੀ ਪੂਰਤੀ ਕਰਨ ਲਈ ਟਰਾਂਸਪਲਾਂਟ ਕੀਤੇ ਸਟੈਮ ਸੈੱਲ ਧਮਣੀਆਂ ਦੇ ਨਵੇਂ ਨੈਟਵਰਕ ਨੂੰ ਵਿਕਸਿਤ ਕਰਨ ਚ ਅਹਿਮ ਭੂਮਿਕਾ ਨਿਭਾਉਂਦੇ ਹਾਨ। ਇਹ ਤਕਨੀਕ ਅਜਿਹੇ ਰੋਗੀਆਂ ਲਈ ਵਰਦਾਨ ਹੈ,ਜਿਨਾਂ ਨੂੰ ਪਹਿਲਾਂ ਹਾਰਟ ਅਟੈਕ ਹੋ ਚੁੱਕਿਆ ਹੁੰਦਾ ਹੈ ਅਤੇ ਜੋ ਇਸ ਇਸਕੀਮੀਆਂ ਤੋਂ ਪੀੜ੍ਹਤ ਹੁੰਦੇ ਹਨ। ਕਰਦਿਅਕ ਸਟੈਮ ਸੈੱਲ ਤਕਨੀਕ ਦਿਲ ਦੇ ਦੌਰੇ ਨਾਲ ਹਰਿਜਾ ਗ੍ਰਸਤ ਮਾਸਪੇਸ਼ੀਆਂ ਨੂੰ ਨਵੇਂ ਟਿਸ਼ੂ ਵਿਕਸਿਤ ਕਰਨਾ ਚ ਸਹਾਇਕ ਹੁੰਦੀ ਹੈ। ਐਨਜਾਇਨਾ, ਸਗਰੀਰਕ ਊਰਜਾ ਦੀ ਘਾਟ ਤੇ ਸਾਹ ਫੁੱਲਣ ਵਰਗੀ ਹਾਲਤ ਚ ਸਟੈਮ ਸੈੱਲ ਤਕਨੀਕ ਕਾਫੀ ਰਾਹਤ ਪਹੁੰਚਾਉਂਦੀ ਹੈ।

ਐਂਜਿਓਗਰਾਫੀ ਤੇ ਸਰਜਰੀ :

ਤਣਾਅ ਪ੍ਰੀਖਣ ਲਈ ਈਕੋਥੈਲੀਮ ਜਾਂਚ ਕੀਤੀ ਜਾਂਦੀ ਹੈ। ਦਿਲ ਦਾ ਰੋਗ ਜਦੋਂ ਖਤਰਨਾਕ ਪੜਾਅ ਚ ਹੁੰਦਾ ਹੈ, ਉਸ ਪਿੱਛੋਂ ਐਂਜਿਓਗ੍ਰਾਫੀ ਕੀਤੀ ਜਾਂਦੀ ਹੈ। ਸੀਨੇ/ਛਾਤੀ ਤੇ ਸ਼ਰੀਰ ਤੇ ਉੱਪਰਲੀ ਹਿੱਸਾ ਚ ਹੋਣ ਵਾਲੇ ਦਰਡ ਨੂੰ ਪੇਟਚ ਹੋਣ ਵਾਲੀ ਗੈਸ ਦਾ ਦਰਦ ਹੀ ਨਾ ਸਮਝਿਆ ਜਾਵੇ। ਉਸੇ ਵਕਤ ਦਿਲ ਦੇ ਰੋਗਾਂ ਦੇ ਮਾਹਰ ਡਾਕਟਰ ਤੋਂ ਜਾਂਚ ਕਰਵਾਈ ਜਾਵੇ। ਐਂਜਿਓਗਰਾਫੀ ਪਿੱਛੋਂ ਉਸ ਤੋਂ ਅੱਗੇ ਦੀਆਂ ਕਈ ਆਧੁਨਿਕ ਜਾਂਚ ਤਕਨੀਕਾਂ ਉੱਭਰ ਕੇ ਸਾਹਮਣੇ ਆਈਆਂ ਹਨ। ਮਸਲਨ ਸਪਾਇਰਲ ਸੀਟੀ,ਕਾਰਡੀਅਕ ਐਮਆਰਆਈ,ਟੀਈਈ,3-ਡੀ ਈਕੋ ਤਕਨੀਕਾਂ ਦਿਲ ਦੀਆਂ ਸਾਰੀਆਂ ਬਿਮਾਰੀਆਂ ਦਾ ਪਤਾ ਲਾਉਣ ਚ ਸਮਰੱਥ ਹਨ। ਦਿਲ ਦੀਆਂ ਇੱਕ-ਦੋ ਨਾੜੀਆਂ ਬੰਦ ਹੋ ਜਾਣ ਤਾਂ ਸਟੰਟ ਦੀ ਵਰਤੋਂ ਨਾਲ ਇੰਜੀਓਪਲਾਸਟੀ ਜਾਂ ਬੇਲੂਨਿੰਗ ਕੀਤੀ ਜਾਂਦੀ ਹੈ। ਜੇ ਸਪਾਈਨਲ ਬਲੋਕੇਜ ਹੋਵੇ ਤਾਂ ਬਾਈਪਾਸ ਸਰਜਰੀ ਨਾਲ ਇਲਾਜ ਹੁੰਦਾ ਹੈ। ਦਿਲ ਦਾ ਰਾਹ ਪੇਟ ਤੋਂ ਹੋਕੇ ਜਾਂਦਾ ਹੈ। ਇਹ ਗੱਲ ਦਿਲ ਦੀ ਸਿਹਤ ਤੇ ਵੀ ਲਾਗੂ ਹੁੰਦੀ ਹੈ। ਖਾਣੇ ਚ ਟਰਾਂਸਫਰ ਤੇ ਬੈਡ ਕਲਸਟ੍ਰੋਲ ਦੀ ਵੱਡੀ ਮਾਤਰਾ ਲੈਣ ਦੀ ਕੀਮਤ ਤੁਹਾਡੇ ਨਾਜ਼ੁਕ ਦਿਲ ਨੂੰ ਚਕਾਉਣੀ ਪੈਂਦੀ ਹੈ। ਉਹ ਦਿਲ ਸ਼ਰੀਰ ਨੂੰ ਠੀਕ ਤਰ੍ਹਾਂ ਨਾਲ ਖੂਨ ਨਹੀਂ ਪਹੁੰਚਾ ਸਕਦਾ। ਭਾਰਤੀ ਸ਼ਾਕਾਹਾਰੀ ਭੋਜਨ ਬੇਹਦ ਫਾਇਦੇਮੰਦ ਹੈ। ਜੇ ਤੁਹਾਡਾ ਵਜਨ ਘੱਟ ਹੈ ਤਾਂ ਰੋਜਾਨਾ 35 ਕੈਲਰੀ ਪ੍ਰਤੀ ਕਿਲੋ ਤੇ ਜੇ ਵੱਜਣ ਵੱਧ ਹੈ ਤਾਂ 25 ਕੈਲਰੀ ਪ੍ਰਤੀ ਕਿਲੋ ਦੇ ਹਿਸਾਬ ਨਾਲ ਭੋਜਨ ਖਾਓ। ਭੋਜਨ ਵਿੱਚ ਪ੍ਰੋਟੀਨ,ਕਾਰਬੋਹਾਈਡਰੇਟ,ਵਿਟਾਮਿਨ ਤੇ ਚਰਬੀ ਦਾ ਸਹਿ ਸੰਤੁਲਨ ਹੋਵੇ। ਮੱਛੀ ਤੋਂ ਓਮੇਗਾ-3-ਫੈਟੀ ਏਸਡ ਹੁੰਦਾ ਹੈ,ਜੋ ਖੂਨ ਚ ਟਰਾਈਗਲੈਸਰਾਈਡ ਨੂੰ ਘਟਾਉਂਦਾ ਹੈ। ਦਿਲ ਚ ਸੋਜ਼ ਤੇ ਕਲਾਟ ਬਨਣੋ ਰੋਕਦਾ ਹੈ ਪਰ ਮੱਛੀ ਤਲੀ ਹੋਈ ਨਹੀਂ ਖਾਣੀ ਚਾਹੀਦੀ। ਹਰੀਆਂ ਸਬਜ਼ੀਆਂ (ਭਰਪੂਰ ਫੌਲੇਟ) ਜਿਵੇਂ ਪਾਲਕ,ਸਲਾਦ,ਅਸਪੈਰੇਗਸ,ਬਰੋਕਲੀ ਆਦਿ ਜਰੂਰ ਲਓ। ਟਮਾਟਰ ਚ ਲੈਕੋਪੀਨ ਹੁੰਦਾ ਹੈ, ਜੋ ਦਿਲ ਦੇ ਦੌਰੇ ਦੀ ਸੰਭਾਵਨਾ ਘਟਾਉਂਦਾ ਹੈ। ਫਾਈਬਰ (ਸਾਬਤ ਅਨਾਜ) ਵਰਤਣ ਨਾਲ ਸਰੀਰ ਚ ਵਾਧੂ ਚਰਬੀ ਘੱਟ ਹੁੰਦੀ ਹੈ। ਬਰਾਊਨ ਚੌਲ,ਰੋਟੀ-ਦਾਲ (ਸੇਮ,ਮਸਰ ਤੇ ਮਟਰ) ਠੀਕ ਹਨ। ਬਦਾਮ ਦਿਲ ਲਈ ਫਾਇਦੇਮੰਦ ਹੈ,ਜਿਸ ਨਾਲ ਖਰਾਬ ਕੋਲੇਸਟ੍ਰੋਲ ਘੱਟਦੀ ਹੈ।

**ਡਾ.ਅਜੀਤਪਾਲ ਸਿੰਘ ਐਮ ਡੀ**
**ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ**
**9815629301**

# ਤੁਸੀਂ ਕਿਸ ਲਈ ਕਮਾ ਰਹੇ ਹੋ? ਕੀ ਅਸੀਂ ਬਿਲਡਰਾਂ, ਇੰਟੀਰੀਅਰ ਡਿਜ਼ਾਈਨਰਾਂ, ਕੇਟਰਰਾਂ ਅਤੇ ਸਜਾਵਟ ਕਰਨ ਵਾਲਿਆਂ ਲਈ ਕਮਾਈ ਕਰ ਰਹੇ ਹਾਂ???



ਕੀ ਅਸੀਂ ਬਿਲਡਰਾਂ, ਇੰਟੀਰੀਅਰ ਡਿਜ਼ਾਈਨਰਾਂ, ਕੇਟਰਰਾਂ ਅਤੇ ਸਜਾਵਟ ਕਰਨ ਵਾਲਿਆਂ ਲਈ ਕਮਾਈ ਕਰ ਰਹੇ ਹਾਂ???

ਅਸੀਂ ਵੱਡੇ ਮਹਿੰਗੇ ਘਰਾਂ ਅਤੇ ਬਹੁਤ ਮਹਿੰਗੇ ਵਿਆਹਾਂ ਨਾਲ ਕਿਸਤੇ ਰੋਹਬ ਪਾਉਣਾ ਚਾਹੁੰਦੇ ਹਾਂ?

ਕੀ ਤੁਹਾਨੂੰ ਯਾਦ ਹੈ ਦੋ ਹਫ਼ਤੇ ਪਹਿਲਾਂ ਕਿਸੇ ਦੇ ਵਿਆਹ ਵਿੱਚ ਤੁਸੀਂ ਕੀ ਕੀਤਾ ਸੀ?

ਜ਼ਿੰਦਗੀ ਦੇ ਸ਼ੁਰੂਆਤੀ ਸਾਲਾਂ ਵਿੱਚ ਅਸੀਂ ਮਿਹਨਤ ਨਲ ਵਕੰਮ ਕਿਉਂ ਕਰਦੇ ਰਹਿੰਦੇ ਹਾਂ , ਸਿਰਫ ਪੈਸੇ ਨੂੰ ਬੇਢੰਗੇ ਤਰੀਕੇ ਖਰਚਣ ਲਈ?

ਅਸੀਂ ਕਿੰਨੀਆਂ ਪੀੜ੍ਹੀਆਂ ਦੇ ਖਾਣ-ਪੀਣ ਅਤੇ ਪਾਲਣ ਪੋਸ਼ਣ ਦਾ ਪ੍ਰਬੰਧ ਕਰਨਾ ਹੈ ???

ਸਾਨੂੰ ਕਿੰਨੀ ਲੋੜ ਹੈ ਅਤੇ ਅਸੀਂ ਕਿੰਨਾ ਪ੍ਰਾਪਤ ਕਰਨਾ ਚਾਹੁੰਦੇ ਹਾਂ ???

ਇਸ ਬਾਰੇ ਸੋਚੋ.

ਕੀ ਸਾਡੀ ਆਉਣ ਵਾਲੀ ਪੀੜ੍ਹੀ ਕਮਾਈ ਕਰਨ ਦੇ ਯੋਗ ਨਹੀਂ ਹੈ, ਜੋ ਅਸੀਂ ਉਨ੍ਹਾਂ ਲਈ ਵੱਧ ਤੋਂ ਵੱਧ ਬਚਾਉਣਾ ਚਾਹੁੰਦੇ ਹਾਂ!?!

ਕੀ ਅਸੀਂ ਹਫ਼ਤੇ ਵਿੱਚ ਡੇਢ ਦਿਨ ਵੀ ਆਪਣੇ ਦੋਸਤਾਂ, ਆਪਣੇ ਪਰਿਵਾਰ ਅਤੇ ਆਪਣੇ ਲਈ ਸਾਦੇ ਤਰੀਕੇ ਬਿਤਾਉਣ ਲਈ ਨਹੀਂ ਛੱਡ ਸਕਦੇ ???

ਕੀ ਤੁਸੀਂ ਆਪਣੀ ਮਹੀਨੇ ਦੀ ਆਮਦਨ ਦਾ 5% ਹਿੱਸਾ ਆਪਣੀ ਖੁਸ਼ੀ, ਆਪਣੇ ਆਪ ਲਈ ਖਰਚ ਕਰਦੇ ਹੋ ?

ਆਮ ਤੌਰ 'ਤੇ ਜਵਾਬ ਹੁੰਦਾ ਹੈ,ਨਹੀਂ....

ਸਾਨੂੰ ਕਮਾਈ ਦੇ ਨਾਲ ਖੁਸ਼ੀ ਕਿਉਂ ਨਹੀਂ ਮਿਲਦੀ ???

ਇਸ ਤੋਂ ਪਹਿਲਾਂ ਕਿ ਤੁਸੀਂ ਸਲਿਪ ਡਿਸਕ ਦਾ ਸ਼ਿਕਾਰ ਹੋ ਜਾਵੋ ਕੋਲੈਸਟ੍ਰੋਲ ਤੁਹਾਡੇ ਦਿਲ ਨੂੰ ਬਲਾਕ ਕਰਨ ਲੱਗ ਜਾਵੇ, ਆਨੰਦ ਮਾਨਣ ਲਈ ਸਮਾਂ ਕੱਢੋ !!!

ਇਹ ਝੂਠ ਹੈ ਕਿ ਇਸ ਧਰਤੀ ਤੇ ਅਸੀਂ ਕਿਸੇ ਜਾਇਦਾਦ ਦੇ ਮਾਲਕ ਹਾਂ, ਸਿਰਫ਼ ਕੁਝ ਕਾਗਜ਼ਾਂ, ਕੁਝ ਦਸਤਾਵੇਜ਼ਾਂ 'ਤੇ ਆਰਜ਼ੀ ਤੌਰ 'ਤੇ ਸਾਡਾ ਨਾਮ ਲਿਖਿਆ ਹੋਇਆ ਹੈ।

ਪਰਮਾਤਮਾ ਵੀ ਹੱਸੇਗਾ ਜਦੋਂ ਕੋਈ ਉਸਨੂੰ ਕਹੇਗਾ, "ਮੈਂ ਇਸ ਜ਼ਮੀਨ ਦੇ ਟੁਕੜੇ ਦਾ ਮਾਲਕ ਹਾਂ" !!

ਕਿਸੇ ਦੇ ਚੰਗੇ ਕੱਪੜੇ ਅਤੇ ਚੰਗੀ ਕਾਰ ਦੇ ਆਧਾਰ 'ਤੇ ਉਸ ਦੇ ਬਾਰੇ ਫ਼ੈਸਲਾ ਨਾ ਕਰੋ।

#HarjotDiKalam

ਸਾਡੇ ਮਹਾਨ ਗਣਿਤ ਅਤੇ ਵਿਗਿਆਨ ਦੇ ਅਧਿਆਪਕ ਪੈਦਲ ਚਲਿਆ ਕਰਦੇ ਸਨ।

ਅਮੀਰ ਹੋਣਾ ਗਲਤ ਨਹੀਂ ਹੈ ਪਰ ਸਿਰਫ ਅਮੀਰ ਹੋਣਾ ਗਲਤ ਹੈ, ਤੇ ਅਮੀਰ ਦਿਖਣ ਲਈ ਖੋਖਲੇਪਣ ਦਾ ਸ਼ਿਕਾਰ ਹੋ ਜਾਣਾ ਹੋਰ ਵੀ ਵਧੇਰੇ ਗਲਤ ਹੈ।

ਆਓ ਜ਼ਿੰਦਗੀ ਨੂੰ ਘੁੱਟ ਕੇ ਲਈਏ, ਇਸ ਤੋਂ ਪਹਿਲਾਂ ਕਿ ਜ਼ਿੰਦਗੀ ਸਾਨੂੰ ਛੱਡ ਦੇਵੇ...

ਇੱਕ ਦਿਨ ਅਸੀਂ ਸਾਰੇ ਵਿਛੜ ਜਾਵਾਂਗੇ, ਫਿਰ ਅਸੀਂ ਆਪਣੇ ਸ਼ਬਦਾਂ, ਤੇ ਸੁਪਨਿਆਂ ਨੂੰ ਬਹੁਤ ਯਾਦ ਕਰਾਂਗੇ.

ਦਿਨ, ਮਹੀਨੇ, ਸਾਲ ਬੀਤ ਜਾਣਗੇ, ਸ਼ਾਇਦ ਕਦੇ ਕੋਈ ਰਾਬਤਾ ਨਹੀਂ ਹੋਵੇਗਾ। ਇੱਕ ਦਿਨ ਸਾਡੇ ਬੱਚੇ ਸਾਨੂੰ ਪੁੱਛਣਗੇ, "ਤਸਵੀਰ ਵਿੱਚ ਉਹ ਹੋਰ ਲੋਕ ਕੌਣ ਹਨ?"

ਫਿਰ ਅਸੀਂ ਮੁਸਕੁਰਾਉਂਦੇ ਹਾਂ ਅਤੇ ਆਪਣੇ ਅਦਿੱਖ ਹੰਝੂਆਂ ਨਾਲ ਬੜੇ ਮਾਣ ਨਾਲ ਕਹਾਂਗੇ--- "ਇਹ ਉਹ ਲੋਕ ਹਨ ਜਿਨ੍ਹਾਂ ਨਾਲ ਮੈਂ ਆਪਣੀ ਜ਼ਿੰਦਗੀ ਦੇ ਸਭ ਤੋਂ ਵਧੀਆ ਦਿਨ ਬਿਤਾਏ ਹਨ।"

ਇਸ ਲਈ ਜ਼ਿੰਦਗੀ ਨੂੰ ਅੱਜ ਵਿੱਚ ਜੀਓ, ਆਪਣਿਆਂ ਲਈ ਜੀਵੋ, ਖੁਦ ਲਈ ਕਮਾਉ, ਹੋਰਾਂ ਲਈ ਨਹੀਂ, ਦਿਖਾਵੇ ਲਈ ਨਹੀਂ। ਕਮਾਉਣ ਦੇ ਸਮੇਂ ਤੇ ਜਿਉਣ ਦੇ ਸਮੇਂ ਚ ਇੱਕ ਵਕਫਾ ਬਣਾ ਕੇ ਰੱਖੋ।

...ਜ਼ਿੰਦਗੀ ਨੂੰ ਜਮ੍ਹਾਂ ਨਹੀਂ ਕੀਤਾ ਜਾ ਸਕਦਾ, ਪੈਸੇ ਵਾਂਗ ...ਇਸਨੂੰ ਸਿਰਫ ਹਰ ਪਲ ਦੇ ਗੁਜ਼ਰਨ ਨਾਲ ਹੀ ਮਾਣਿਆ ਜਾ ਸਕਦਾ ਹੈ।

**ਹਰਜੋਤ ਸਿੰਘ**
**70094 52602**

**ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ**

**Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ**

**Cee7news** ਬੀਬੀਐਮਬੀ ਸਬੰਧੀ ਕੇਂਦਰ ਕੋਈ ਅਜਿਹਾ ਨਿਯਮ ਲਾਗੂ ਨਾ ਕਰੇ ਜੋ ਪੰਜਾਬੀਆਂ ਦੇ ਹੱਕਾਂ ਵਿਰੁੱਧ ਹੋਵੇ- ਐਡਵੋਕੇਟ ਧਾਮੀ

# ਸ਼੍ਰੋਮਣੀ ਕਮੇਟੀ ਨੇ ਭਾਈ ਰਾਜੋਆਣਾ ਦੀ ਪਟੀਸ਼ਨ ਮਾਮਲੇ 'ਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਆਦੇਸ਼ ਦੇਣ ਦੀ ਕੀਤੀ ਅਪੀਲ

ਅੰਮ੍ਰਿਤਸਰ, 20 ਅਪ੍ਰੈਲ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਅੱਜ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿਖੇ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ ਭਾਈ ਬਲਵੰਤ ਸਿੰਘ ਰਾਜੋਆਣਾ ਦੇ ਮਾਮਲੇ, ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿਚ ਪੰਜਾਬ ਦੀ ਨੁਮਾਇੰਦਗੀ ਘਟਾਏ ਜਾਣ ਅਤੇ ਭਗਤ ਰਵਿਦਾਸ ਜੀ ਦੀ 650 ਸਾਲਾ ਜਨਮ ਸ਼ਤਾਬਦੀ ਮਨਾਉਣ ਸਬੰਧੀ ਵਿਚਾਰਾਂ ਦੇ ਨਾਲ-ਨਾਲ ਸ਼੍ਰੋਮਣੀ ਕਮੇਟੀ ਅਤੇ ਗੁਰਦੁਆਰਾ ਸਾਹਿਬਾਨ ਨਾਲ ਸਬੰਧਤ ਮਾਮਲੇ ਵਿਚਾਰੇ ਗਏ।

ਜਾਰੀ ਪ੍ਰੈੱਸ ਬਿਆਨ 'ਚ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੰਤ੍ਰਿੰਗ ਕਮੇਟੀ ਦੇ ਫ਼ੈਸਲਿਆਂ ਬਾਰੇ ਦੱਸਿਆ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਤਬਦੀਲ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ 'ਤੇ ਸ਼੍ਰੋਮਣੀ ਕਮੇਟੀ ਵੱਲੋਂ 14 ਸਾਲ ਪਹਿਲਾਂ ਪਟੀਸ਼ਨ ਪਾਈ ਗਈ ਸੀ, ਪਰੰਤੂ ਕੇਂਦਰ ਸਰਕਾਰ ਨੇ ਇਸ ਸਬੰਧੀ ਹਮੇਸ਼ਾ ਅੜੀਅਲ ਰਵੱਈਆ ਹੀ ਅਪਣਾਈ ਰੱਖਿਆ। ਸਰਕਾਰ ਦੀ ਅਜਿਹੀ ਪਹੁੰਚ ਜਿਥੇ ਸਿੱਖ ਭਾਵਨਾਵਾਂ ਦਾ ਨਿਰਾਦਰ ਹੈ ਉਥੇ ਹੀ ਘਟਗਿਣਤੀਆਂ ਪ੍ਰਤੀ ਉਸ ਦੀ ਸੋਚ ਨੂੰ ਪ੍ਰਗਟਾਉਂਦੀ ਹੈ। ਉਨ੍ਹਾਂ ਕਿਹਾ ਕਿ ਹੁਣ ਭਾਈ ਬਲਵੰਤ ਸਿੰਘ ਰਾਜੋਆਣਾ ਸ਼੍ਰੋਮਣੀ ਕਮੇਟੀ ਨੂੰ ਬਾਰ ਬਾਰ ਆਪਣੀ ਅਪੀਲ ਵਾਪਸ ਲੈਣ ਲਈ ਕਹਿ ਰਹੇ ਹਨ, ਲੇਕਿਨ ਸ਼੍ਰੋਮਣੀ ਕਮੇਟੀ ਨੇ ਇਹ ਅਪੀਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਨੁਸਾਰ ਕੀਤੀ ਸੀ। ਇਸ ਲਈ ਅੱਜ ਦੀ ਅੰਤ੍ਰਿੰਗ ਕਮੇਟੀ ਨੇ ਵਿਚਾਰ ਮਗਰੋਂ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਅਪੀਲ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਯੋਗ ਆਦੇਸ਼ ਲਈ ਬੇਨਤੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜੋ ਵੀ ਆਦੇਸ਼ ਆਵੇਗਾ ਸ਼੍ਰੋਮਣੀ ਕਮੇਟੀ ਉਸ 'ਤੇ ਪਹਿਰਾ ਦੇਵੇਗੀ।

ਐਡਵੋਕੇਟ ਧਾਮੀ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਨੇ ਕੇਂਦਰ ਸਰਕਾਰ ਵੱਲੋਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਪ੍ਰਬੰਧਾਂ ਨੂੰ ਲੈ ਕੇ ਪੰਜਾਬ ਨਾਲ ਲਗਾਤਾਰ ਕੀਤੇ ਜਾ ਰਹੇ ਵਿਤਕਰੇ ਸਬੰਧੀ ਵੀ ਚਿੰਤਾ ਪ੍ਰਗਟਾਈ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਇਹ ਪੰਜਾਬ ਦੇ ਹੱਕਾਂ ਹਿੱਤਾਂ ਨਾਲ ਇਕ ਹੋਰ ਵੱਡਾ ਧੱਕਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਦਰਿਆਈ ਪਾਣੀ ਜਿੰਨਾ 'ਤੇ ਪਹਿਲਾ ਹੱਕ ਪੰਜਾਬ ਦੇ ਲੋਕਾਂ ਦਾ ਹੈ ਨੂੰ ਹਥਿਆਉਣ ਲਈ ਕੇਂਦਰ ਗ਼ਲਤ ਤਰੀਕੇ ਅਪਣਾਅ ਰਿਹਾ ਹੈ। ਅੰਤ੍ਰਿੰਗ ਕਮੇਟੀ ਨੇ ਕੇਂਦਰ ਸਰਕਾਰ ਨੂੰ ਆਖਿਆ ਹੈ ਕਿ ਅਜਿਹਾ ਕੋਈ ਵੀ ਨਿਯਮ ਲਾਗੂ ਕਰਨ ਦੀ ਕੋਸ਼ਿਸ਼ ਨਾ ਕੀਤੀ ਜਾਵੇ, ਜੋ ਪੰਜਾਬੀਆਂ ਦੇ ਹੱਕਾਂ ਵਿਰੁੱਧ ਹੋਵੇ।

ਐਡਵੋਕੇਟ ਧਾਮੀ ਨੇ ਇਹ ਵੀ ਦੱਸਿਆ ਕਿ ਭਗਤ ਰਵਿਦਾਸ ਜੀ ਦੀ 650 ਸਾਲਾ ਜਨਮ ਸ਼ਤਾਬਦੀ ਮਨਾਏ ਜਾਣ ਸਬੰਧੀ ਪ੍ਰੋਗਰਾਮ ਉਲੀਕਣ ਵਾਸਤੇ ਸਬ-ਕਮੇਟੀ ਗਠਨ ਕੀਤੇ ਜਾਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਹ ਸਬ-ਕਮੇਟੀ ਵੱਖ-ਵੱਖ ਜਥੇਬੰਦੀਆਂ ਅਤੇ ਭਗਤ ਰਵਿਦਾਸ ਜੀ ਨਾਲ ਸਬੰਧਤ ਭਾਈਚਾਰੇ ਦੇ ਨੁਮਾਇੰਦਿਆਂ ਨਾਲ ਮਿਲ ਕੇ ਸ਼ਤਾਬਦੀ ਸਬੰਧੀ ਕੀਤੇ ਜਾਣ ਵਾਲੇ ਸਮਾਗਮਾਂ ਦੀ ਰੂਪ-ਰੇਖਾ ਤਿਆਰ ਕਰੇਗੀ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਸ੍ਰੀ ਕੀਰਤਪੁਰ ਸਾਹਿਬ ਦੇ 400 ਸਾਲਾ ਸਥਾਪਨਾ ਦਿਵਸ ਦੀ 29 ਅਪ੍ਰੈਲ ਤੋਂ 1 ਮਈ 2026 ਤੱਕ ਮਨਾਈ ਜਾ ਰਹੀ ਸ਼ਤਾਬਦੀ ਦੇ ਪ੍ਰੋਗਰਾਮਾਂ ਸਬੰਧੀ ਵਿਚ ਵਿਚਾਰਾਂ ਹੋਈਆਂ।

ਇਸ ਦੇ ਨਾਲ ਹੀ ਅੰਤ੍ਰਿੰਗ ਕਮੇਟੀ ਨੇ ਸ੍ਰੀ ਅਨੰਦਪੁਰ ਸਾਹਿਬ ਖਾਲਸਾ ਸਾਜਣਾ ਦਿਵਸ ਵਿਸਾਖੀ ਦੇ ਸਮਾਗਮਾਂ ਤੋਂ ਵਾਪਸ ਆ ਰਹੇ ਸ਼ਰਧਾਲੂਆਂ ਦੇ ਸ੍ਰੀ ਫ਼ਤਹਿਗੜ੍ਹ ਸਾਹਿਬ ਨਜ਼ਦੀਕ ਹੋਏ ਸੜਕ ਹਾਦਸੇ ਵਿਚ ਲੱਖ ਰੁਪਏ ਸਹਾਇਤਾ ਦੇਣ ਅਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕਰਤਾਰ ਨਗਰ ਲੁਧਿਆਣਾ ਵਿਖੇ ਨਿਸ਼ਾਨ ਸਾਹਿਬ



ਦਾ ਚੋਲਾ ਬਦਲਣ ਮੌਕੇ ਹੋਏ ਹਾਦਸੇ 'ਚ ਜਾਨ ਗਵਾਉਣ ਵਾਲੇ ਸ. ਮਨਿੰਦਰ ਸਿੰਘ ਦੇ ਪਰਿਵਾਰ ਨੂੰ ਵੀ 1 ਲੱਖ ਰੁਪਏ ਦੇਣ ਦੀ ਪ੍ਰਵਾਨਗੀ ਦਿੱਤੀ ਹੈ। ਇਕੱਤਰਤਾ 'ਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਸ. ਸੁਰਜੀਤ ਸਿੰਘ ਗੜ੍ਹੀ, ਸ. ਸੁਰਜੀਤ ਸਿੰਘ ਕੰਗ, ਸ. ਅਕਾਲ ਚਲਾਣਾ ਕਰਨ ਵਾਲਿਆਂ ਦੇ ਪਰਿਵਾਰਕ ਮੈਂਬਰਾਂ ਨੂੰ 1-1 ਗੁਰਪ੍ਰੀਤ ਸਿੰਘ ਝੱਬਰ, ਸ. ਦਲਜੀਤ ਸਿੰਘ ਭਿੰਡਰ, ਸ. ਬਲਦੇਵ ਸਿੰਘ ਕਾਇਮਪੁਰ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਸ. ਮਿੱਠੂ ਸਿੰਘ ਕਾਹਨੇਕੇ, ਓਐਸਡੀ ਸ. ਸਤਬੀਰ ਸਿੰਘ, ਸੱਕਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਇੰਜੀ: ਸੁਖਮਿੰਦਰ ਸਿੰਘ, ਸ. ਗੁਰਿੰਦਰ ਸਿੰਘ ਮਥਰੇਵਾਲ, ਵਧੀਕ ਸਕੱਤਰ ਸ. ਤੇਜਿੰਦਰ ਸਿੰਘ ਪੱਡਾ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਮੀਤ ਸਕੱਤਰ ਸ. ਗੁਰਨਾਮ ਸਿੰਘ, ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਹਰਭਜਨ ਸਿੰਘ ਵਕਤਾ, ਸ. ਮਨਜੀਤ ਸਿੰਘ ਤਲਵੰਡੀ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਕਾਨੂੰਨੀ ਸਲਾਹਕਾਰ ਐਡਵੋਕੇਟ ਅਮਨਬੀਰ ਸਿੰਘ ਸਿਆਲੀ, ਐਕਸੀਅਨ ਸ. ਜਤਿੰਦਰਪਾਲ ਸਿੰਘ ਆਦਿ ਮੌਜੂਦ ਸਨ।

**Cee7news** ਵਿਸ਼ਵ ਐਥਲੈਟਿਕਸ ਨੇ ਭਾਰਤ ਨੂੰ ਡੋਪਿੰਗ ਲਈ ਉੱਚ ਖਤਰੇ ਵਾਲੀ ਸ਼੍ਰੇਣੀ ਵਿੱਚ ਰੱਖਿਆ

# ਵਿਸ਼ਵ ਐਥਲੈਟਿਕਸ ਦੀ ਇੰਟੈਗ੍ਰਿਟੀ ਯੂਨਿਟ (ਏਆਈਯੂ) ਨੇ ਇੱਕ ਵੱਡਾ ਫੈਸਲਾ ਲੈਂਦਿਆਂ ਭਾਰਤੀ ਐਥਲੈਟਿਕਸ ਫੈਡਰੇਸ਼ਨ (ਏਐਫਆਈ) ਨੂੰ ਡੋਪਿੰਗ ਖਤਰੇ ਦੀ ਸਭ ਤੋਂ ਉੱਚੀ ਸ਼੍ਰੇਣੀ 'ਕੈਟਾਗਰੀ ਏ' ਵਿੱਚ ਸ਼ਾਮਲ ਕਰ ਲਿਆ ਹੈ।

20 ਅਪ੍ਰੈਲ 2026 ਨੂੰ ਵਿਸ਼ਵ ਐਥਲੈਟਿਕਸ ਦੀ ਇੰਟੈਗ੍ਰਿਟੀ ਯੂਨਿਟ (ਏਆਈਯੂ) ਨੇ ਇੱਕ ਵੱਡਾ ਫੈਸਲਾ ਲੈਂਦਿਆਂ ਭਾਰਤੀ ਐਥਲੈਟਿਕਸ ਫੈਡਰੇਸ਼ਨ (ਏਐਫਆਈ) ਨੂੰ ਡੋਪਿੰਗ ਖਤਰੇ ਦੀ ਸਭ ਤੋਂ ਉੱਚੀ ਸ਼੍ਰੇਣੀ 'ਕੈਟਾਗਰੀ ਏ' ਵਿੱਚ ਸ਼ਾਮਲ ਕਰ ਲਿਆ ਹੈ। ਇਸ ਤੋਂ ਪਹਿਲਾਂ ਭਾਰਤ 'ਕੈਟਾਗਰੀ ਬੀ' ਵਿੱਚ ਸੀ। ਇਸ ਫੈਸਲੇ ਨਾਲ ਭਾਰਤੀ ਐਥਲੀਟਾਂ ਉੱਤੇ ਹੁਣ ਬਹੁਤ ਸਖ਼ਤ ਐਂਟੀ-ਡੋਪਿੰਗ ਨਿਯਮ ਲਾਗੂ ਹੋਣਗੇ। ਏਆਈਯੂ ਨੇ ਇਸ ਨੂੰ 'ਐਕਸਟ੍ਰੀਮਲੀ ਹਾਈ ਰਿਸਕ ਆਫ ਡੋਪਿੰਗ' ਦੱਸਿਆ ਹੈ।

ਏਆਈਯੂ ਬੋਰਡ ਨੇ ਇਹ ਫੈਸਲਾ ਇਸ ਲਈ ਲਿਆ ਕਿਉਂਕਿ 2022 ਤੋਂ 2025 ਤੱਕ ਐਥਲੈਟਿਕਸ ਵਿੱਚ ਐਂਟੀ-ਡੋਪਿੰਗ ਰੂਲ ਵਾਇਲੇਸ਼ਨਜ਼ (ਏਡੀਆਰਵੀ) ਵਿੱਚ ਭਾਰਤ ਟਾਪ ਟੂ ਵਿੱਚ ਰਿਹਾ ਹੈ। ਭਾਰਤ ਵਿੱਚ ਡੋਪਿੰਗ ਦਾ ਖਤਰਾ ਲੰਬੇ ਸਮੇਂ ਤੋਂ ਬਹੁਤ ਉੱਚਾ ਬਣਿਆ ਹੋਇਆ ਹੈ। ਏਆਈਯੂ ਚੇਅਰਮੈਨ ਡੇਵਿਡ ਹਾਉਮੈਨ ਨੇ ਕਿਹਾ ਕਿ ਭਾਰਤ ਵਿੱਚ ਡੋਪਿੰਗ ਰਿਸਕ ਲੰਬੇ ਸਮੇਂ ਤੋਂ ਐਕਸਟ੍ਰੀਮਲੀ ਹਾਈ ਰਿਹਾ ਹੈ। ਇਸ ਲਈ ਸਖ਼ਤ ਕਦਮ ਚੁੱਕਣੇ ਜ਼ਰੂਰੀ ਹੋ ਗਏ ਹਨ।

ਇਸ ਫੈਸਲੇ ਦਾ ਮਤਲਬ ਹੈ ਕਿ ਭਾਰਤੀ ਰਾਸ਼ਟਰੀ ਟੀਮ ਦੇ ਐਥਲੀਟਾਂ ਲਈ ਹੁਣ ਟੈਸਟਿੰਗ ਦੀਆਂ ਘੱਟੋ-ਘੱਟ ਥ੍ਰੈਸ਼ਹੋਲਡ ਵਧ ਜਾਣਗੀਆਂ। ਐਥਲੀਟਾਂ ਅਤੇ ਉਨ੍ਹਾਂ ਦੇ ਸਪੋਰਟ ਸਟਾਫ ਉੱਤੇ ਨਿਗਰਾਨੀ ਵਧੇਗੀ। ਨੈਸ਼ਨਲ ਐਂਟੀ ਡੋਪਿੰਗ ਏਜੰਸੀ (ਨਾਡਾ) ਉੱਤੇ ਵੀ ਵਧਦਾ ਦਬਾਅ ਪਵੇਗਾ। ਭਾਰਤ ਵਿੱਚ ਪਿਛਲੇ ਕੁਝ ਸਾਲਾਂ ਵਿੱਚ ਡੋਪਿੰਗ ਦੇ ਮਾਮਲੇ ਲਗਾਤਾਰ ਵਧ ਰਹੇ ਹਨ। ਵਿਸ਼ਵ ਐਂਟੀ ਡੋਪਿੰਗ ਏਜੰਸੀ (ਵਾਡਾ) ਦੀ ਰਿਪੋਰਟ ਅਨੁਸਾਰ ਭਾਰਤ ਲਗਾਤਾਰ ਤਿੰਨ ਸਾਲਾਂ ਤੋਂ ਡੋਪਿੰਗ ਵਾਇਲੇਸ਼ਨਜ਼ ਵਿੱਚ ਸਭ ਤੋਂ ਉੱਪਰ ਹੈ। ਇੱਕ ਰਿਪੋਰਟ ਵਿੱਚ ਇਹ ਵੀ ਦੱਸਿਆ ਗਿਆ ਕਿ 7113 ਸੈਂਪਲਾਂ ਵਿੱਚੋਂ 260 ਭਾਰਤੀ ਐਥਲੀਟ ਪਾਜ਼ੀਟਿਵ ਪਾਏ ਗਏ।

ਏਆਈਯੂ ਦੀ ਤਾਜ਼ਾ ਲਿਸਟ ਅਨੁਸਾਰ ਭਾਰਤ ਵਿੱਚ 148 ਐਥਲੀਟ ਡੋਪਿੰਗ ਕਾਰਨ ਬੈਨ ਹੋਏ ਹੋਏ ਹਨ। ਇਸ ਲਿਸਟ ਵਿੱਚ ਭਾਰਤ ਕੀਨੀਆ ਤੋਂ ਵੀ ਅੱਗੇ ਹੈ, ਜਿਸ ਵਿੱਚ 146 ਐਥਲੀਟ ਬੈਨ ਹਨ। ਰੂਸ ਤੀਜੇ ਸਥਾਨ ਉੱਤੇ ਹੈ ਜਿਸ ਵਿੱਚ 66 ਐਥਲੀਟ ਬੈਨ ਹਨ। ਇਹ ਅੰਕੜੇ ਭਾਰਤੀ ਐਥਲੈਟਿਕਸ ਲਈ ਚਿੰਤਾਜਨਕ ਹਨ। ਭਾਰਤ 2030 ਕਾਮਨਵੈਲਥ ਗੇਮਜ਼ ਦੀ ਮੇਜ਼ਬਾਨੀ ਕਰਨ ਵਾਲਾ ਹੈ ਅਤੇ 2036 ਓਲੰਪਿਕ ਗੇਮਜ਼ ਹੋਸਟ ਕਰਨ ਦੀ ਉਮੀਦ ਵੀ ਰੱਖਦਾ ਹੈ। ਇਸ ਲਈ ਡੋਪਿੰਗ ਮੁੱਦਾ ਇੱਕ ਵੱਡੀ ਚੁਣੌਤੀ ਬਣਿਆ ਹੋਇਆ ਹੈ।

ਇਸ ਫੈਸਲੇ ਤੋਂ ਬਾਅਦ ਭਾਰਤੀ ਐਥਲੀਟਾਂ ਨੂੰ ਅੰਤਰਰਾਸ਼ਟਰੀ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਵਧੇਰੇ ਸਖ਼ਤ ਟੈਸਟਿੰਗ ਤੋਂ ਗੁਜ਼ਰਨਾ ਪਵੇਗਾ। ਏਆਈਯੂ ਨੇ ਕਿਹਾ ਕਿ ਕੈਟਾਗਰੀ ਏ ਵਾਲੀਆਂ ਫੈਡਰੇਸ਼ਨਾਂ ਲਈ ਖਾਸ ਤੌਰ ਉੱਤੇ ਟੈਸਟਿੰਗ ਦੀਆਂ ਘੱਟੋ-ਘੱਟ ਲੋੜਾਂ ਨਿਰਧਾਰਤ ਹਨ। ਇਸ ਨਾਲ ਐਥਲੀਟਾਂ ਅਤੇ ਉਨ੍ਹਾਂ ਦੇ ਸਹਾਇਕ ਸਟਾਫ ਉੱਤੇ ਵੀ ਵਧੇਰੇ ਨਿਗਰਾਨੀ ਰੱਖੀ ਜਾਵੇਗੀ। ਭਾਰਤ ਵਿੱਚ ਡੋਪਿੰਗ ਦੀਆਂ ਸਮੱਸਿਆਵਾਂ ਦੀਆਂ ਕਈ ਵਜ੍ਹਾਂ ਹਨ। ਇਨ੍ਹਾਂ ਵਿੱਚ ਐਥਲੀਟਾਂ ਵਿਚਕਾਰ ਡੋਪਿੰਗ ਦੀ ਲਾਲਚ, ਨਾਕਾਫੀ ਟੈਸਟਿੰਗ ਸਿਸਟਮ ਅਤੇ ਸਪਲਾਇਰਾਂ ਦਾ ਨੈੱਟਵਰਕ ਸ਼ਾਮਲ ਹਨ। ਵਾਡਾ ਪ੍ਰੈਜ਼ੀਡੈਂਟ ਵਿਟੋਲਡ ਬੈਂਕਾ ਨੇ ਵੀ ਭਾਰਤ ਨੂੰ ਚੁਣੌਤੀ ਦਿੱਤੀ ਹੈ ਕਿ ਉਹ ਡੋਪਿੰਗ ਖਿਲਾਫ਼ ਸਖ਼ਤੀ ਨਾਲ ਕਾਰਵਾਈ ਕਰੇ।

ਭਾਰਤੀ ਐਥਲੈਟਿਕਸ ਫੈਡਰੇਸ਼ਨ ਨੂੰ ਹੁਣ ਇਸ ਫੈਸਲੇ ਤੋਂ ਬਾਅਦ ਆਪਣੇ ਸਿਸਟਮ ਨੂੰ ਮਜ਼ਬੂਤ ਕਰਨਾ ਪਵੇਗਾ। ਐਥਲੀਟਾਂ ਲਈ ਐਜੂਕੇਸ਼ਨ ਪ੍ਰੋਗਰਾਮ ਵਧਾਉਣੇ ਹੋਣਗੇ ਤਾਂ ਜੋ ਉਨ੍ਹਾਂ ਨੂੰ ਡੋਪਿੰਗ ਦੀਆਂ ਬੁਰਾਈਆਂ ਬਾਰੇ ਜਾਗਰੂਕ ਕੀਤਾ ਜਾ ਸਕੇ। ਨਾਡਾ ਨੂੰ ਵੀ ਆਪਣੀ ਟੈਸਟਿੰਗ ਅਤੇ ਇਨਵੈਸਟੀਗੇਸ਼ਨ ਪ੍ਰਕਿਰਿਆ ਨੂੰ ਹੋਰ ਤੇਜ਼ ਅਤੇ ਪਾਰਦਰਸ਼ੀ ਬਣਾਉਣਾ ਚਾਹੀਦਾ ਹੈ। ਡੋਪਿੰਗ ਸਪਲਾਇਰਾਂ ਅਤੇ ਨੈੱਟਵਰਕ ਖਿਲਾਫ਼ ਵੀ ਸਖ਼ਤ ਕਾਨੂੰਨੀ ਕਾਰਵਾਈਆਂ ਲੋੜੀਂਦੀਆਂ ਹਨ। ਭਾਰਤ ਵਿੱਚ ਬਹੁਤ ਸਾਰੇ ਯੁਵਕ ਐਥਲੀਟ ਆਪਣੀ ਮਿਹਨਤ ਨਾਲ ਅੰਤਰਰਾਸ਼ਟਰੀ ਪੱਧਰ ਉੱਤੇ ਨਾਮ ਰੋਸ਼ਨ ਕਰ ਰਹੇ ਹਨ। ਉਨ੍ਹਾਂ ਲਈ ਇੱਕ ਸਾਫ਼ ਅਤੇ ਨਿਰਪੱਖ ਮਾਹੌਲ ਬਣਾਉਣਾ ਬਹੁਤ ਜ਼ਰੂਰੀ ਹੈ।

ਇਸ ਫੈਸਲੇ ਨੇ ਭਾਰਤੀ ਖੇਡ ਜਗਤ ਵਿੱਚ ਚਰਚਾ ਛੇੜ ਦਿੱਤੀ ਹੈ। ਐਥਲੀਟਾਂ ਅਤੇ ਕੋਚਾਂ ਨੂੰ ਚਿੰਤਾ ਹੈ ਕਿ ਇਸ ਨਾਲ ਉਨ੍ਹਾਂ ਦੀ ਤਿਆਰੀ ਉੱਤੇ ਅਸਰ ਪੈ ਸਕਦਾ ਹੈ। ਪਰ ਇਸ ਨੂੰ ਇੱਕ ਵੇਕ ਅੱਪ ਕਾਲ ਵਜੋਂ ਵੀ ਦੇਖਿਆ ਜਾ ਰਿਹਾ ਹੈ। ਭਾਰਤ ਨੂੰ ਹੁਣ ਡੋਪਿੰਗ ਖਿਲਾਫ਼ ਜੰਗ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਜੇਕਰ ਸਿਸਟਮ ਨੂੰ ਠੀਕ ਕੀਤਾ ਗਿਆ ਤਾਂ ਭਾਰਤੀ ਐਥਲੈਟਿਕਸ ਵਿਸ਼ਵ ਪੱਧਰ ਉੱਤੇ ਆਪਣਾ ਮਾਣ ਵਾਪਸ ਹਾਸਲ ਕਰ ਸਕਦਾ ਹੈ। ਐਥਲੀਟਾਂ ਦੀ ਸਫਲਤਾ ਲਈ ਸਾਫ਼ ਖੇਡ ਅਤੇ ਨਿਆਂਪੂਰਣ ਮਾਹੌਲ ਬਣਾਉਣਾ ਹੀ ਇੱਕੋ ਇੱਕ ਰਾਹ ਹੈ।ਵਾਡਾ ਅਤੇ ਵਿਸ਼ਵ ਐਥਲੈਟਿਕਸ ਵੀ ਭਾਰਤ ਨਾਲ ਮਿਲ ਕੇ ਕੰਮ ਕਰਨ ਲਈ ਤਿਆਰ ਹਨ ਪਰ ਉਨ੍ਹਾਂ ਨੇ ਸਾਫ਼ ਕਿਹਾ ਹੈ ਕਿ ਭਾਰਤੀ ਫੈਡਰੇਸ਼ਨ ਅਤੇ ਨਾਡਾ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਪਵੇਗੀ। ਡੋਪਿੰਗ ਖਿਲਾਫ਼ ਲੜਾਈ ਵਿੱਚ ਕੋਈ ਢਿੱਲ ਨਹੀਂ ਵਰਤੀ ਜਾ ਸਕਦੀ। ਭਾਰਤ ਵਿੱਚ ਐਥਲੈਟਿਕਸ ਦਾ ਭਵਿੱਖ ਇਸ ਫੈਸਲੇ ਤੋਂ ਬਾਅਦ ਇੱਕ ਨਵੀਂ ਚੁਣੌਤੀ ਦਾ ਸਾਹਮਣਾ ਕਰ ਰਿਹਾ ਹੈ। ਯੁਵਾ ਐਥਲੀਟਾਂ ਨੂੰ ਇਸ ਤੋਂ ਸਬਕ ਲੈ ਕੇ ਆਪਣੀ ਮਿਹਨਤ ਅਤੇ ਈਮਾਨਦਾਰੀ ਨਾਲ ਅੱਗੇ ਵਧਣਾ ਚਾਹੀਦਾ ਹੈ।

ਇਸ ਫੈਸਲੇ ਨਾਲ ਭਾਰਤੀ ਐਥਲੀਟਾਂ ਲਈ ਅੰਤਰਰਾਸ਼ਟਰੀ ਈਵੈਂਟਸ ਵਿੱਚ ਹਿੱਸਾ ਲੈਣ ਤੋਂ ਪਹਿਲਾਂ ਵਧੇਰੇ ਟੈਸਟਿੰਗ ਹੋਵੇਗੀ। ਇਸ ਨਾਲ ਉਨ੍ਹਾਂ ਦੀ ਤਿਆਰੀ ਵਿੱਚ ਵੀ ਬਦਲਾਅ ਆ ਸਕਦਾ ਹੈ। ਪਰ ਲੰਬੇ ਗਾਲ ਵਿੱਚ ਇਹ ਭਾਰਤੀ ਖੇਡਾਂ ਨੂੰ ਸਾਫ਼ ਬਣਾਉਣ ਵਿੱਚ ਮਦਦਗਾਰ ਸਾਬਤ ਹੋ ਸਕਦਾ ਹੈ। ਏਐਫਆਈ ਅਤੇ ਨਾਡਾ ਨੂੰ ਹੁਣ ਤੁਰੰਤ ਐਕਸ਼ਨ ਪਲਾਨ ਤਿਆਰ ਕਰਨਾ ਚਾਹੀਦਾ ਹੈ। ਡੋਪਿੰਗ ਰੋਕਣ ਲਈ ਐਜੂਕੇਸ਼ਨ, ਬਿਹਤਰ ਟੈਸਟਿੰਗ ਲੈਬਾਂ ਅਤੇ ਸਖ਼ਤ ਨਿਗਰਾਨੀ ਲਾਜ਼ਮੀ ਹੈ। ਭਾਰਤੀ ਐਥਲੈਟਿਕਸ ਫੈਡਰੇਸ਼ਨ ਨੂੰ ਹੁਣ ਇਸ ਫੈਸਲੇ ਤੋਂ ਬਾਅਦ ਆਪਣੇ ਸਿਸਟਮ ਨੂੰ ਮਜ਼ਬੂਤ ਕਰਨਾ ਪਵੇਗਾ। ਐਥਲੀਟਾਂ



ਲਈ ਐਜੂਕੇਸ਼ਨ ਪ੍ਰੋਗਰਾਮ ਵਧਾਉਣੇ ਹੋਣਗੇ ਤਾਂ ਜੋ ਉਨ੍ਹਾਂ ਨੂੰ ਡੋਪਿੰਗ ਦੀਆਂ ਬੁਰਾਈਆਂ ਬਾਰੇ ਜਾਗਰੂਕ ਕੀਤਾ ਜਾ ਸਕੇ। ਨਾਡਾ ਨੂੰ ਵੀ ਆਪਣੀ ਟੈਸਟਿੰਗ ਅਤੇ ਇਨਵੈਸਟੀਗੇਸ਼ਨ ਪ੍ਰਕਿਰਿਆ ਨੂੰ ਹੋਰ ਤੇਜ਼ ਅਤੇ ਪਾਰਦਰਸ਼ੀ ਬਣਾਉਣਾ ਚਾਹੀਦਾ ਹੈ। ਡੋਪਿੰਗ ਸਪਲਾਇਰਾਂ ਅਤੇ ਨੈੱਟਵਰਕ ਖਿਲਾਫ਼ ਵੀ ਸਖ਼ਤ ਕਾਨੂੰਨੀ ਕਾਰਵਾਈਆਂ ਲੋੜੀਂਦੀਆਂ ਹਨ। ਭਾਰਤ ਵਿੱਚ ਬਹੁਤ ਸਾਰੇ ਯੁਵਕ ਐਥਲੀਟ ਆਪਣੀ ਮਿਹਨਤ ਨਾਲ ਅੰਤਰਰਾਸ਼ਟਰੀ ਪੱਧਰ ਉੱਤੇ ਨਾਮ ਰੋਸ਼ਨ ਕਰ ਰਹੇ ਹਨ। ਉਨ੍ਹਾਂ ਲਈ ਇੱਕ ਸਾਫ਼ ਅਤੇ ਨਿਰਪੱਖ ਮਾਹੌਲ ਬਣਾਉਣਾ ਬਹੁਤ ਜ਼ਰੂਰੀ ਹੈ।

ਇਸ ਫੈਸਲੇ ਨੇ ਭਾਰਤੀ ਖੇਡ ਜਗਤ ਵਿੱਚ ਚਰਚਾ ਛੇੜ ਦਿੱਤੀ ਹੈ। ਐਥਲੀਟਾਂ ਅਤੇ ਕੋਚਾਂ ਨੂੰ ਚਿੰਤਾ ਹੈ ਕਿ ਇਸ ਨਾਲ ਉਨ੍ਹਾਂ ਦੀ ਤਿਆਰੀ ਉੱਤੇ ਅਸਰ ਪੈ ਸਕਦਾ ਹੈ। ਪਰ ਇਸ ਨੂੰ ਇੱਕ ਵੇਕ ਅੱਪ ਕਾਲ ਵਜੋਂ ਵੀ ਦੇਖਿਆ ਜਾ ਰਿਹਾ ਹੈ। ਭਾਰਤ ਨੂੰ ਹੁਣ ਡੋਪਿੰਗ ਖਿਲਾਫ਼ ਜੰਗ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਜੇਕਰ ਸਿਸਟਮ ਨੂੰ ਠੀਕ ਕੀਤਾ ਗਿਆ ਤਾਂ ਭਾਰਤੀ ਐਥਲੈਟਿਕਸ ਵਿਸ਼ਵ ਪੱਧਰ ਉੱਤੇ ਆਪਣਾ ਮਾਣ ਵਾਪਸ ਹਾਸਲ ਕਰ ਸਕਦਾ ਹੈ। ਐਥਲੀਟਾਂ ਦੀ ਸਫਲਤਾ ਲਈ ਸਾਫ਼ ਖੇਡ ਅਤੇ ਨਿਆਂਪੂਰਣ ਮਾਹੌਲ ਬਣਾਉਣਾ ਹੀ ਇੱਕੋ ਇੱਕ ਰਾਹ ਹੈ।

ਵਾਡਾ ਅਤੇ ਵਿਸ਼ਵ ਐਥਲੈਟਿਕਸ ਵੀ ਭਾਰਤ ਨਾਲ ਮਿਲ ਕੇ ਕੰਮ ਕਰਨ ਲਈ ਤਿਆਰ ਹਨ ਪਰ ਉਨ੍ਹਾਂ ਨੇ ਸਾਫ਼ ਕਿਹਾ ਹੈ ਕਿ ਭਾਰਤੀ ਫੈਡਰੇਸ਼ਨ ਅਤੇ ਨਾਡਾ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਪਵੇਗੀ। ਡੋਪਿੰਗ ਖਿਲਾਫ਼ ਲੜਾਈ ਵਿੱਚ ਕੋਈ ਢਿੱਲ ਨਹੀਂ ਵਰਤੀ ਜਾ ਸਕਦੀ। ਭਾਰਤ ਵਿੱਚ ਐਥਲੈਟਿਕਸ ਦਾ ਭਵਿੱਖ ਇਸ ਫੈਸਲੇ ਤੋਂ ਬਾਅਦ ਇੱਕ ਨਵੀਂ ਚੁਣੌਤੀ ਦਾ ਸਾਹਮਣਾ ਕਰ ਰਿਹਾ ਹੈ। ਯੁਵਾ ਐਥਲੀਟਾਂ ਨੂੰ ਇਸ ਤੋਂ ਸਬਕ ਲੈ ਕੇ ਆਪਣੀ ਮਿਹਨਤ ਅਤੇ ਈਮਾਨਦਾਰੀ ਨਾਲ ਅੱਗੇ ਵਧਣਾ ਚਾਹੀਦਾ ਹੈ।

ਇਸ ਫੈਸਲੇ ਨਾਲ ਭਾਰਤੀ ਐਥਲੀਟਾਂ ਲਈ ਅੰਤਰਰਾਸ਼ਟਰੀ ਈਵੈਂਟਸ ਵਿੱਚ ਹਿੱਸਾ ਲੈਣ ਤੋਂ ਪਹਿਲਾਂ ਵਧੇਰੇ ਟੈਸਟਿੰਗ ਹੋਵੇਗੀ। ਇਸ ਨਾਲ ਉਨ੍ਹਾਂ ਦੀ ਤਿਆਰੀ ਵਿੱਚ ਵੀ ਬਦਲਾਅ ਆ ਸਕਦਾ ਹੈ। ਪਰ ਲੰਬੇ ਗਾਲ ਵਿੱਚ ਇਹ ਭਾਰਤੀ ਖੇਡਾਂ ਨੂੰ ਸਾਫ਼ ਬਣਾਉਣ ਵਿੱਚ ਮਦਦਗਾਰ ਸਾਬਤ ਹੋ ਸਕਦਾ ਹੈ। ਏਐਫਆਈ ਅਤੇ ਨਾਡਾ ਨੂੰ ਹੁਣ ਤੁਰੰਤ ਐਕਸ਼ਨ ਪਲਾਨ ਤਿਆਰ ਕਰਨਾ ਚਾਹੀਦਾ ਹੈ। ਡੋਪਿੰਗ ਰੋਕਣ ਲਈ ਐਜੂਕੇਸ਼ਨ, ਬਿਹਤਰ ਟੈਸਟਿੰਗ ਲੈਬਾਂ ਅਤੇ ਸਖ਼ਤ ਨਿਗਰਾਨੀ ਲਾਜ਼ਮੀ ਹੈ।

ਭਾਰਤ ਵਿੱਚ ਖੇਡ ਸੰਸਕ੍ਰਿਤੀ ਨੂੰ ਮਜ਼ਬੂਤ ਕਰਨ ਲਈ ਡੋਪਿੰਗ ਖਤਮ ਕਰਨਾ ਬਹੁਤ ਜ਼ਰੂਰੀ ਹੈ। ਯੁਵਕਾਂ ਨੂੰ ਇਹ ਸਮਝਾਉਣਾ ਚਾਹੀਦਾ ਹੈ ਕਿ ਸਫਲਤਾ ਡੋਪਿੰਗ ਨਾਲ ਨਹੀਂ ਸਗੋਂ ਮਿਹਨਤ ਅਤੇ ਲਗਨ ਨਾਲ ਹੀ ਆਉਂਦੀ ਹੈ। ਇਸ ਫੈਸਲੇ ਨੇ ਪੂਰੀ ਦੁਨੀਆਂ ਵਿੱਚ ਭਾਰਤੀ ਐਥਲੈਟਿਕਸ ਬਾਰੇ ਚਰਚਾ ਛੇੜ ਦਿੱਤੀ ਹੈ। ਹੁਣ ਇਹ ਭਾਰਤ ਉੱਤੇ ਨਿਰਭਰ ਕਰਦਾ ਹੈ ਕਿ ਉਹ ਇਸ ਚੁਣੌਤੀ ਨੂੰ ਕਿਵੇਂ ਹੱਲ ਕਰਦਾ ਹੈ। ਆਉਣ ਵਾਲੇ ਸਮੇਂ ਵਿੱਚ ਡੋਪਿੰਗ ਖਿਲਾਫ਼ ਭਾਰਤ ਦੀ ਕਾਰਗੁਜ਼ਾਰੀ ਉੱਤੇ ਸਭ ਦੀਆਂ ਨਜ਼ਰਾਂ ਹੋਣਗੀਆਂ।

# ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਵਲੋਂ ਮਹਾਂਰਾਸ਼ਟਰ ਵਿਚ ਗੁ. ਦਸਮੇਸ਼ ਦਰਬਾਰ



ਚੋਹਲਾ ਸਾਹਿਬ 20 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |

ਸੰਪਰਦਾਇ ਕਾਰ ਸੇਵਾ ਸੰਤ ਬਾਬਾ ਤਾਰਾ ਸਿੰਘ ਜੀ ਸਰਹਾਲੀ ਸਾਹਿਬ ਵੱਲੋਂ ਮਾਨਵਤਾ ਦੇ ਭਲੇ ਹਿਤ ਦੇਸ਼ ਵਿਦੇਸ਼ ਵਿੱਚ ਨਿਰੰਤਰ ਸੇਵਾਵਾਂ ਚੱਲ ਰਹੀਆਂ ਹਨ। ਸੰਪਰਦਾਇ ਦੇ ਪ੍ਰਬੰਧ ਅਧੀਨ ਨਾਸਿਕ ਤੋਂ ਮੁੰਬਈ ਹਾਈਵੇ ਉੱਪਰ ਇਗਾਤਪੁਰੀ ਵਿਖੇ ਗੁਰਦੁਆਰਾ ਦਸ਼ਮੇਸ਼ ਦਰਬਾਰ ਵਿਖੇ ਅੱਜ ਸ੍ਰੀ ਸੁਖਮਨੀ ਸਾਹਿਬ ਦੇ ਭੋਗ ਉਪਰੰਤ ਮਹਾਨ ਗੁਰਮਤਿ ਸਮਾਗਮ ਹੋਇਆ, ਜਿਸ ਵਿਚ ਸਵੇਰੇ 9 ਵਜੇ ਤੋਂ ਦੁਪਹਿਰ 3 ਵਜੇ ਤਕ ਧਾਰਮਿਕ ਦੀਵਾਨ ਸਜਾਇਆ ਗਿਆ, ਜਿਸ ਵਿਚ ਸੰਤ ਬਾਬਾ ਸੁੱਖਾ ਸਿੰਘ ਜੀ ਨੇ ਆਰਤੀ-ਆਰਤਾ ਦੇ ਕੀਰਤਨ ਨਾਲ ਹਾਜ਼ਰੀ ਭਰੀ। ਕਥਾਵਾਚਕ ਗਿਆਨੀ ਮੁਖਤਾਰ ਸਿੰਘ ਜਲੰਧਰ ਵਾਲੇ, ਕਵੀਸ਼ਰ ਗਿਆਨੀ ਕਰਤਾਰ ਸਿੰਘ ਕਿਰਤੀ ਸਭਰਾਵਾਂ ਵਾਲੇ ਅਤੇ ਹੋਰ ਕਈ ਗੁਣੀ ਗਿਆਨੀ ਹਸਤੀਆਂ ਨੇ ਸੰਗਤ ਨੂੰ ਹਰਿ ਜਸ ਸ੍ਰਵਣ ਕਰਾਇਆ। ਗਿਆਨੀ ਸਤਵਿੰਦਰ ਸਿੰਘ ਫਰਵਾਲੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਬਾਬਾ ਜੀ ਵੱਲੋਂ ਖੇਡਾਂ ਨੂੰ ਉਤਸ਼ਾਹਿਤ ਕਰਦਿਆਂ ਅੱਜ ਗੁਰਮਤਿ ਸਮਾਗਮ ਉਪਰੰਤ ਸ਼ਾਮ ਵੇਲੇ ਮੁੰਬਈ ਅਤੇ ਨਵੀਂ ਮੁੰਬਈ ਕਲਮਬੋਲੀ ਦੀਆਂ ਟੀਮਾਂ ਵਿਚਕਾਰ ਕਬੱਡੀ ਮੈਚ ਕਰਵਾਇਆ ਗਿਆ ਤੇ ਬਾਬਾ ਜੀ ਨੇ ਖਿਡਾਰੀਆਂ ਨੂੰ ਆਸ਼ੀਰਵਾਦ ਦਿੱਤਾ। ਸਾਰਾ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਦਾ ਰਿਹਾ।

ਅਰਦਾਸ ਉਪਰੰਤ ਸੰਪਰਦਾਇ ਦੇ ਮੁਖੀ ਸੰਤ ਬਾਬਾ ਸੁੱਖਾ ਸਿੰਘ ਜੀ ਨੇ ਆਪਣੇ ਕਰ ਕਮਲਾਂ ਨਾਲ ਗੁ. ਦਸ਼ਮੇਸ਼ ਦਰਬਾਰ ਦੇ ਨਵੇਂ ਦਰਬਾਰ ਹਾਲ ਦਾ ਨੀਂਹ ਪੱਥਰ ਰੱਖਿਆ ਅਤੇ ਟੱਕ ਲਗਾ ਕੇ ਉਸਾਰੀ ਆਰੰਭ ਕਰਵਾਈ। ਆਰਕੀਟੈਕਟ ਸਦਾਨੰਦ ਜੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਥੇ ਤਿੰਨ ਮੰਜਿਲਾ ਇਮਾਰਤ ਉਸਾਰੀ ਜਾਵੇਗੀ, ਜਿਸ ਵਿਚ ਬੇਸਮੈਂਟ, ਮੈਦਾਨੀ ਤਲ ਤੇ ਲੰਗਰ ਹਾਲ ਅਤੇ ਉਪਰ ਦਰਬਾਰ ਹਾਲ ਬਣੇਗਾ। ਸੰਗਤ ਦੀ ਕਾਫੀ ਸਮੇਂ ਤੋਂ ਮੰਗ ਸੀ ਕਿ ਇੱਥੇ ਨਵੇਂ ਦਰਬਾਰ ਹਾਲ ਦੀ ਉਸਾਰੀ ਕੀਤੀ ਜਾਵੇ। ਗੁਰੂ ਸਾਹਿਬ ਦੀ ਕਿਰਪਾ ਨਾਲ ਅੱਜ ਇਹ ਸੇਵਾ ਕਾਰਜ ਆਰੰਭ ਹੋ ਰਿਹਾ ਹੈ। ਇਸ ਦਰਬਾਰ ਹਾਲ ਤੇ ਲਗਭਗ 2 ਕਰੋੜ ਰੁਪਏ ਖਰਚ ਆਉਣ ਦੀ ਸੰਭਾਵਨਾ ਹੈ ਜੋ ਗੁਰੂ ਸਾਹਿਬ ਦੀ ਕਿਰਪਾ ਅਤੇ ਸੰਗਤਾਂ ਦੇ ਸਹਿਯੋਗ ਨਾਲ ਜਲਦੀ ਸੰਪੂਰਨ ਹੋਵੇਗਾ।"

ਇਸ ਮੌਕੇ ਬਾਬਾ ਜੀ ਵੱਲੋਂ ਏਗਾਤਪੁਰੀ, ਨਾਸਿਕ, ਤਾਰਾਪੁਰ, ਯੇਵਲਾ, ਨਿਰੋਲ, ਘੋਟੀ, ਮੁੰਬਈ ਆਦਿਕ ਵੱਖ-ਵੱਖ ਸ਼ਹਿਰਾਂ ਤੋਂ ਪਹੁੰਚੀ ਸੰਗਤ ਦਾ ਧੰਨਵਾਦ ਕੀਤਾ ਗਿਆ। ਸੰਗਤ ਦੇ ਇਕੱਠ ਵਿਚ ਇਥੇ ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਦੇ ਸਮੂਹ ਜਥੇਦਾਰਾਂ ਸਮੇਤ ਬਾਬਾ ਰਣਜੀਤ ਸਿੰਘ ਜੀ ਮਨਮਾੜ ਵਾਲੇ, ਸੇਠ ਸਾਹਿਬ ਸਿੰਘ (ਪ੍ਰਧਾਨ ਗੁਰਦੁਆਰਾ ਚਿਮਟਾਪਾੜਾ ਮੁੰਬਈ, ਰਣਜੀਤ ਸਿੰਘ ਅਨੰਦ ਟਰਾਂਸਪੋਰਟ, ਪ੍ਰਧਾਨ ਸੁਲੱਖਣ ਸਿੰਘ, ਰਣਜੀਤ ਸਿੰਘ ਪ੍ਰਧਾਨ (ਗੁਰਦੁਆਰਾ ਖਾਲਸਾ ਦਰਬਾਰ ਪਲਾਵਾ, ਸ਼ੇਰੇ ਪੰਜਾਬ ਢਾਬਾ), ਤਰਲੋਕ ਸਿੰਘ ਸੈਕਟਰੀ ਗੁਰਦੁਆਰਾ ਗੁਰੂ ਨਾਨਕ ਸੱਚਖੰਡ ਸਭਾ ਕਲਮਬੋਲੀ, ਸੇਠ ਸੁੱਚਾ ਸਿੰਘ ਸੰਧੂ ਕਾਰਗੋ ਤਾਰਾਪੁਰ, ਸੇਠ ਤਜਿੰਦਰ ਸਿੰਘ ਵਾਹਿਗੁਰੂ ਟਰਾਂਸਪੋਰਟ ਤਾਰਾਪੁਰ, ਪ੍ਰਭਜੋਤ ਸਿੰਘ ABTC ਬੱਸ ਟਰਾਂਸਪੋਰਟ, ਨਿਰਵੈਰ ਸਿੰਘ ਮੁਲੰਡ, ਸੇਠ ਹਰਬੰਸ ਸਿੰਘ ਮੁੰਬਈ, ਪ੍ਰਭਜੋਤ ਸਿੰਘ ਅਕਾਲ ਟਰਾਂਸਪੋਰਟ, ਚਰਨਜੀਤ ਸਿੰਘ ਖਜਾਨਚੀ ਗੁ. ਗੁਰਮੀਤ ਸਿੰਘ, ਇਕਬਾਲ ਸਿੰਘ ਰੰਧਾਵਾ ਬਿਰਲਾਪੁਰ, ਮਨਰਾਜ ਸਿੰਘ ਖਜਾਨਚੀ ,ਸਤਨਾਮ ਸਿੰਘ ਬਾਜਵਾ ਨਿਰੋਲ, ਕਰਨ ਸਿੰਘ ਨਾਸਿਕ, ਅਜੀਤ ਸਿੰਘ ਘੋਟੀ (ਸਿੰਘ ਗੈਰਜ ) ਕਈ ਸਹਿਯੋਗੀ ਸੱਜਣ ਸੰਗਤ ਵਿਚ ਹਾਜ਼ਰ ਸਨ।

# 1 ਮਈ ਨੂੰ ਸੰਗਰੂਰ 'ਚ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਕਰੇਗਾ ਬੇਰੁਜ਼ਗਾਰ ਸਾਂਝਾ ਮੋਰਚਾ



ਇਸ ਮੌਕੇ ਨਰਿੰਦਰ ਸ਼ਰਮਾ, ਕਰਨਬੀਰ ਸਿੰਘ, ਰਣਜੀਤ ਸਿੰਘ ਪੱਟੀ, ਗੁਰਪ੍ਰੀਤ ਸਿੰਘ, ਨਿਸ਼ਾਨ ਸਿੰਘ, ਬਲਗੇਰ ਸਿੰਘ ਅਤੇ ਸਰਬਜੀਤ ਸਿੰਘ ਸਮੇਤ ਹੋਰ ਆਗੂ ਮੌਜੂਦ ਸਨ। |

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨ ਤਾਰਨ, 20 ਅਪ੍ਰੈਲ

ਬੇਰੁਜ਼ਗਾਰ ਸਾਂਝਾ ਮੋਰਚਾ ਤਰਨ ਤਾਰਨ ਦੀ ਇਕੱਤਰਤਾ ਸੂਬਾ ਕਨਵੀਨਰ ਰਮਨ ਕੁਮਾਰ ਮਲੋਟ ਦੀ ਅਗਵਾਈ ਹੇਠ ਹੋਈ, ਜਿਸ ਵਿੱਚ 1 ਮਈ ਮਜ਼ਦੂਰ ਦਿਵਸ ਮੌਕੇ ਸੰਗਰੂਰ ਵਿਖੇ ਮੁੱਖ ਮੰਤਰੀ ਦੀ ਕੋਠੀ ਦੇ ਘਿਰਾਓ ਲਈ ਰਣਨੀਤੀ ਤਿਆਰ ਕੀਤੀ ਗਈ। ਜ਼ਿਲ੍ਹਾ ਆਗੂਆਂ ਨੇ ਭਰੋਸਾ ਦਿਵਾਇਆ ਕਿ ਤਰਨ ਤਾਰਨ ਤੋਂ ਵੱਡੀ ਗਿਣਤੀ ਵਿੱਚ ਬੇਰੁਜ਼ਗਾਰ ਇਸ ਪ੍ਰਦਰਸ਼ਨ ਵਿੱਚ ਸ਼ਾਮਲ ਹੋਣਗੇ।ਮੋਰਚੇ ਦੇ ਆਗੂਆਂ ਨੇ ਦੋਸ਼ ਲਗਾਇਆ ਕਿ ਪੰਜਾਬ ਸਰਕਾਰ ਨੇ ਆਪਣੇ ਲਗਭਗ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਸਿੱਖਿਆ ਵਿਭਾਗ ਵਿੱਚ ਕੋਈ ਨਵੀਂ ਭਰਤੀ ਨਹੀਂ ਕੀਤੀ, ਜਦਕਿ ਸਿੱਖਿਆ ਕ੍ਰਾਂਤੀ ਦੇ ਵੱਡੇ-ਵੱਡੇ ਦਾਅਵੇ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਆਪਣੀਆਂ ਮੰਗਾਂ ਲਈ 25 ਦਸੰਬਰ ਤੋਂ ਸੰਗਰੂਰ ਡੀ.ਸੀ ਦਫਤਰ ਅੱਗੇ ਪੱਕਾ ਮੋਰਚਾ ਲਗਾਇਆ ਹੋਇਆ ਹੈ, ਪਰ ਸਰਕਾਰ ਵੱਲੋਂ ਹਾਲੇ ਤੱਕ ਕੋਈ ਹੱਲ ਨਹੀਂ ਕੀਤਾ ਗਿਆ।ਆਗੂਆਂ ਮੁਤਾਬਕ ਪਿਛਲੀ ਸਰਕਾਰ ਸਮੇਂ ਜਾਰੀ ਕੀਤੀਆਂ ਕਈ ਅਸਾਮੀਆਂ ਨੂੰ ਵੀ ਰੱਦ ਕਰ ਦਿੱਤਾ ਗਿਆ ਹੈ, ਜਿਨ੍ਹਾਂ ਵਿੱਚ ਲੈਕਚਰਾਰ ਦੀਆਂ 343 ਪੋਸਟਾਂ, ਪੀਟੀਆਈ ਅਧਿਆਪਕਾਂ ਦੀਆਂ 646 ਅਤੇ 2000 ਪੋਸਟਾਂ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵੱਲੋਂ ਬੇਰੁਜ਼ਗਾਰਾਂ ਲਈ ਉਮਰ ਹੱਦ ਵਿੱਚ ਛੋਟ ਦੇਣ ਦਾ ਐਲਾਨ ਕੀਤਾ ਗਿਆ ਸੀ, ਪਰ ਅਜੇ ਤੱਕ ਇਸ 'ਤੇ ਕੋਈ ਅਮਲ ਨਹੀਂ ਕੀਤਾ ਗਿਆ।

ਮੋਰਚੇ ਨੇ ਮੰਗ ਕੀਤੀ ਕਿ ਮਾਸਟਰ ਕੇਡਰ, ਲੈਕਚਰਾਰ, ਸਹਾਇਕ ਪ੍ਰੋਫੈਸਰ ਅਤੇ ਮਲਟੀਪਰਪਜ਼ ਹੈਲਥ ਵਰਕਰ (ਪੁਰਸ਼) ਦੀਆਂ ਨਵੀਆਂ ਭਰਤੀਆਂ ਤੁਰੰਤ ਜਾਰੀ ਕੀਤੀਆਂ ਜਾਣ, ਉਮਰ ਹੱਦ ਵਿੱਚ ਛੋਟ ਦਿੱਤੀ ਜਾਵੇ ਅਤੇ ਮਾਸਟਰ ਕੇਡਰ ਵਿੱਚ ਲਾਗੂ 55 ਫੀਸਦੀ ਅੰਕਾਂ ਦੀ ਸ਼ਰਤ ਨੂੰ ਰੱਦ ਕੀਤਾ ਜਾਵੇ।

ਆਗੂਆਂ ਨੇ ਕਿਹਾ ਕਿ 2022 ਤੋਂ 2025 ਤੱਕ ਹਜ਼ਾਰਾਂ ਬੇਰੁਜ਼ਗਾਰ ਉਮਰ ਸੀਮਾ ਪਾਰ ਕਰ ਚੁੱਕੇ ਹਨ, ਜਿਸ ਨਾਲ ਉਨ੍ਹਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਕੈਬਨਿਟ ਸਬ-ਕਮੇਟੀ ਨਾਲ ਕਈ ਮੀਟਿੰਗਾਂ ਦੇ ਬਾਵਜੂਦ ਕੋਈ ਢੁਕਵਾਂ ਹੱਲ ਨਾ ਨਿਕਲਣ ਕਾਰਨ ਮੋਰਚੇ ਨੇ ਸੰਘਰਸ਼ ਨੂੰ ਤੇਜ਼ ਕਰਨ ਦਾ ਫੈਸਲਾ ਕੀਤਾ ਹੈ।

# ਗੁਰਦੁਆਰਾ ਪ੍ਰਿੰਟਿੰਗ ਪ੍ਰੈੱਸ ਦਾ ਨਵੀਨੀਕਰਨ ਮਗਰੋਂ ਐਡਵੋਕੇਟ ਧਾਮੀ ਵੱਲੋਂ ਕੀਤਾ ਗਿਆ ਉਦਘਾਟਨ



ਇਗਤਪੁਰੀ (ਨਾਸਿਕ) ਵਿਖੇ ਨਵੇਂ ਦਰਬਾਰ ਹਾਲ ਦਾ ਨੀਂਹ ਪੱਥਰ ਰੱਖਿਆ |

ਅੰਮ੍ਰਿਤਸਰ, 20 ਅਪ੍ਰੈਲ-

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਕਾਰਜਸ਼ੀਲ ਗੁਰਦੁਆਰਾ ਪ੍ਰਿੰਟਿੰਗ ਪ੍ਰੈੱਸ ਦਾ ਨਵੀਨੀਕਰਨ ਮਗਰੋਂ ਅੱਜ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਨੇ ਪ੍ਰਮੁੱਖ ਸ਼ਖ਼ਸੀਅਤਾਂ ਦੀ ਹਾਜ਼ਰੀ ਵਿਚ ਉਦਘਾਟਨ ਕੀਤਾ। ਇਸ ਤੋਂ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਹੋਏ ਅਤੇ ਹਜ਼ੂਰੀ ਰਾਗੀ ਜਥੇ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਗੁਰਦੁਆਰਾ ਸਾਹਿਬਾਨ ਦੀ ਮੁਕੰਮਲ ਸਟੇਸ਼ਨਰੀ ਗੁਰਦੁਆਰਾ ਪ੍ਰਿੰਟਿੰਗ ਪ੍ਰੈਸ ਰਾਹੀਂ ਛਪਾਈ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਮੇਂ ਦੀ ਲੋੜ ਨੂੰ ਮੁੱਖ ਰੱਖਦਿਆਂ ਪ੍ਰਿੰਟਿੰਗ ਦੇ ਕੰਮ-ਕਾਜ ਨੂੰ ਹੋਰ ਬਿਹਤਰ ਕਰਨ ਲਈ ਆਧੁਨਿਕ ਤਕਨਾਲੋਜੀ ਦੀਆਂ ਮਸ਼ੀਨਾਂ ਲਗਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਗੁਰਦੁਆਰਾ ਪ੍ਰਿੰਟਿੰਗ ਪ੍ਰੈਸ ਦੇ ਨਵੀਨੀਕਰਨ ਦੇ ਕਾਰਜਾਂ ਦੀ ਸੇਵਾ ਬਾਬਾ ਸਤਨਾਮ ਸਿੰਘ ਕਾਰਸੇਵਾ ਕਿਲ੍ਹਾ ਅਨੰਦਗੜ੍ਹ ਸਾਹਿਬ ਵਾਲਿਆਂ ਵੱਲੋਂ ਕਰਵਾਈ ਗਈ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਬਾਬਾ ਸਤਨਾਮ ਸਿੰਘ ਦਾ ਸਨਮਾਨ ਵੀ ਕੀਤਾ।

ਇਸ ਮੌਕੇ ਬਾਬਾ ਸਤਨਾਮ ਸਿੰਘ ਕਾਰਸੇਵਾ ਕਿਲ੍ਹਾ ਅਨੰਦਗੜ੍ਹ ਸਾਹਿਬ ਵਾਲੇ, ਸ਼੍ਰੋਮਣੀ ਕਮੇਟੀ ਦੇ ਮੈਂਬਰ ਸ. ਗੁਰਮੀਤ ਸਿੰਘ ਬੂਹ, ਭਾਈ ਅਜੈਬ ਸਿੰਘ ਅਭਿਆਸੀ, ਓਐਸਡੀ ਸ. ਸਤਬੀਰ ਸਿੰਘ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਸ. ਮਨਜੀਤ ਸਿੰਘ ਤਲਵੰਡੀ, ਐਕਸੀਅਨ ਸ. ਜਤਿੰਦਰਪਾਲ ਸਿੰਘ ਤੇ ਸ. ਸੁਖਜਿੰਦਰ ਸਿੰਘ, ਇੰਚਾਰਜ ਸ. ਓਂਕਾਰ ਸਿੰਘ, ਗੁਰਦੁਆਰਾ ਸ਼ਹੀਦ ਗੰਜ ਸਾਹਿਬ ਦੇ ਮੈਨੇਜਰ ਸ. ਜਤਿੰਦਰਪਾਲ ਸਿੰਘ, ਗੋਲਡਨ ਆਫਸੈਟ ਪ੍ਰੈੱਸ ਮੈਨੇਜਰ ਸ. ਸੰਦੀਪ ਸਿੰਘ, ਇੰਚਾਰਜ ਸ. ਮਲਕੀਤ ਸਿੰਘ, ਗੁਰਦੁਆਰਾ ਪ੍ਰਿੰਟਿੰਗ ਪ੍ਰੈੱਸ ਦੇ ਮੈਨੇਜਰ ਸ. ਹਰਮਿੰਦਰ ਸਿੰਘ ਮਾਹੀਆ, ਜੇਈ ਸ. ਸ਼ਮਸ਼ੇਰ ਸਿੰਘ ਅਤੇ ਹੋਰ ਮੌਜੂਦ ਸਨ।

# ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਵਿੱਚ ਮਨੋਰੋਗ ਵਿਭਾਗ ਵੱਲੋਂ ਇਕ ਦਿਨੀ ਕਾਨਫਰੰਸ ਆਯੋਜਿਤ




ਫਰੀਦਕੋਟ, ਚੋਹਲਾ ਸਾਹਿਬ 20 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |

ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ, ਫਰੀਦਕੋਟ ਦੇ ਮਨੋਰੋਗ ਵਿਭਾਗ ਵੱਲੋਂ ਇੱਕ ਦਿਨ ਦੀ ਵਿਗਿਆਨਕ ਕਾਨਫਰੰਸ ਦਾ ਆਯੋਜਨ ਕੀਤਾ ਗਿਆ। ਇਸ ਕਾਨਫਰੰਸ ਦਾ ਮੁੱਖ ਉਦੇਸ਼ ਟੈਕਨੋਲੋਜੀ, ਟੈਲੀ-ਸਾਈਕੈਟਰੀ ਅਤੇ ਪਾਜ਼ੀਟਿਵ ਮੈਨਟਲ ਹੈਲਥ ਬਾਰੇ ਲੋਕਾਂ ਅਤੇ ਮੈਡੀਕਲ ਪ੍ਰੋਫੈਸ਼ਨਲਜ਼ ਨੂੰ ਜਾਗਰੂਕ ਕਰਨਾ ਸੀ।

ਇਸ ਮੌਕੇ 'ਤੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਦੇ ਮਾਨਯੋਗ ਵਾਈਸ ਚਾਂਸਲਰ ਪ੍ਰੋ. (ਡਾ.) ਰਾਜੀਵ ਸੂਦ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਆਪਣੇ ਸੰਬੋਧਨ ਦੌਰਾਨ ਉਨ੍ਹਾਂ ਨੇ ਟੈਲੀ-ਸਾਈਕੈਟਰੀ ਅਤੇ ਆਧੁਨਿਕ ਟੈਕਨੋਲੋਜੀ ਦੀ ਮਨੋਰੋਗ ਇਲਾਜ ਵਿੱਚ ਵਧ ਰਹੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਪਾਜ਼ੀਟਿਵ ਮੈਨਟਲ ਹੈਲਥ ਨੂੰ ਉਤਸ਼ਾਹਿਤ ਕਰਨ ਲਈ ਨਵੇਂ ਤਕਨੀਕੀ ਸਾਧਨਾਂ ਦਾ ਵੱਧ ਤੋਂ ਵੱਧ ਇਸਤੇਮਾਲ ਕਰਨਾ ਸਮੇਂ ਦੀ ਲੋੜ ਹੈ ਅਤੇ ਡਾਕਟਰਾਂ ਨੂੰ ਇਸ ਦਿਸ਼ਾ ਵਿੱਚ ਅੱਗੇ ਆਉਣਾ ਚਾਹੀਦਾ ਹੈ।

ਕਾਨਫਰੰਸ ਦੇ ਆਯੋਜਨ ਬਾਰੇ ਜਾਣਕਾਰੀ ਦਿੰਦਿਆਂ ਮਨੋਰੋਗ ਵਿਭਾਗ ਦੇ ਪ੍ਰੋਫੈਸਰ ਅਤੇ ਮੁੱਖੀ ਡਾ. ਪੀ. ਪੀ. ਬਾਂਸਲ ਨੇ ਦੱਸਿਆ ਕਿ "ਅੱਜ ਦੇ ਡਿਜੀਟਲ ਯੁੱਗ ਵਿੱਚ ਟੈਲੀ-ਸਾਈਕੈਟਰੀ ਅਤੇ ਆਧੁਨਿਕ ਟੈਕਨੋਲੋਜੀ ਮਨੋਰੋਗ ਸੇਵਾਵਾਂ ਨੂੰ ਲੋਕਾਂ ਤੱਕ ਆਸਾਨੀ ਨਾਲ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਹੀਆਂ ਹਨ। ਇਸ ਕਾਨਫਰੰਸ ਦਾ ਉਦੇਸ਼ ਡਾਕਟਰਾਂ ਨੂੰ ਨਵੀਂ ਤਕਨੀਕਾਂ ਨਾਲ ਅਪਡੇਟ ਕਰਨਾ ਅਤੇ ਪਾਜ਼ੀਟਿਵ ਮੈਨਟਲ ਹੈਲਥ ਨੂੰ ਪ੍ਰੋਤਸਾਹਿਤ ਕਰਨਾ ਹੈ। ਸਾਨੂੰ ਉਮੀਦ ਹੈ ਕਿ ਇਸ ਤਰ੍ਹਾਂ ਦੇ ਵਿਗਿਆਨਕ ਮੰਚ ਡਾਕਟਰਾਂ ਨੂੰ ਆਪਣੀ ਕਲਿਨਿਕਲ ਪ੍ਰੈਕਟਿਸ ਵਿੱਚ ਨਵੀਆਂ ਸੋਚਾਂ ਅਤੇ ਤਰੀਕਿਆਂ ਨੂੰ ਅਪਣਾਉਣ ਲਈ ਪ੍ਰੇਰਿਤ ਕਰਨਗੇ।"

ਕਾਨਫਰੰਸ ਵਿੱਚ ਡੀਨ ਕਾਲਜਜ਼ ਡਾ. ਦੀਪਕ ਜੇ. ਭੱਟੀ, ਪ੍ਰਿੰਸੀਪਲ ਡਾ. ਰਾਜੀਵ ਸ਼ਰਮਾ, ਮੈਡੀਕਲ ਸੁਪਰਡੈਂਟ ਡਾ. ਨੀਤੂ ਕੁੱਕੜ ਅਤੇ ਡਾ. ਸੀਮਾ ਗਰੋਵਰ ਭੱਟੀ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।

ਪੰਜਾਬ ਦੇ ਵੱਖ-ਵੱਖ ਇਲਾਕਿਆਂ ਤੋਂ ਲਗਭਗ 150 ਡਾਕਟਰਾਂ ਨੇ ਇਸ ਕਾਨਫਰੰਸ ਵਿੱਚ ਭਾਗ ਲਿਆ ਅਤੇ ਮਨੋਰੋਗ ਖੇਤਰ ਨਾਲ ਸੰਬੰਧਿਤ ਨਵੀਆਂ ਤਕਨੀਕਾਂ ਅਤੇ ਇਲਾਜ ਦੇ ਤਰੀਕਿਆਂ ਬਾਰੇ ਵਿਚਾਰ-ਵਟਾਂਦਰਾ ਕੀਤਾ।

ਇਹ ਕਾਨਫਰੰਸ ਡਾਕਟਰਾਂ ਲਈ ਗਿਆਨ ਸਾਂਝਾ ਕਰਨ ਅਤੇ ਮਨੋਰੋਗ ਸੇਵਾਵਾਂ ਨੂੰ ਹੋਰ ਬਿਹਤਰ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਸਾਬਤ ਹੋਈ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

